**International Journal of Multidisciplinary Research and Development**
**Online ISSN: 2349-4182, Print ISSN: 2349-5979, Impact Factor: RJIF 5.72**
**www.allsubjectjournal.com**
**Volume 3; Issue 4; April 2016; Page No. 371-378**

# ਪੰਜਾਬੀ ਵਿੱਚ ਬਾਲ ਗਲਪ ਸਿਰਜਣਾ

**ਜਸਦੀਪ ਕੌਰ**

ਸਹਾਇਕ ਪ੍ਰੋਫੈਸਰ, ਗੁਰੂ ਨਾਨਕ ਕਾਲਜ ਬੁਢਲਾਡਾ, ਪੰਜਾਬ, ਭਾਰਤ

**ਸਾਰੰਸ਼**

ਪੰਜਾਬੀ ਵਿੱਚ ਬਾਲ ਗਲਪ ਸਿਰਜਣਾ ਦਾ ਕਾਲ ਭਾਵੇਂ 19ਵੀਂ ਸਦੀ ਦੇ ਆਰੰਭ ਵਿੱਚ ਹੀ ਧਾਰਮਿਕ ਕਿਸਮ ਦੇ ਮੂਲ ਗ੍ਰੰਥਾਂ ਵਜੋਂ ਗੌਣ ਰੂਪ ਵਿੱਚ ਹੋਂਦ ਵਿੱਚ ਆਉਣਾ ਸ਼ੁਰੂ ਹੋ ਜਾਂਦਾ ਹੈ ਪਰੰਤੂ ਇਸਦਾ ਅਸਲੀ ਕਾਲ 19ਵੀਂ ਸਦੀ ਦਾ ਅੰਤਲਾ ਦਹਾਕਾ ਹੈ ਜਦੋਂ ਪ੍ਰੌਢ ਜਾਂ ਪਰਪੱਕ ਸਾਹਿਤ ਦੇ ਨਾਵਲ ਅਤੇ ਕਹਾਣੀਆਂ ਵਾਂਗ ਬਾਲ ਕਹਾਣੀਆਂ ਅਤੇ ਨਾਵਲ ਦੀ ਸਿਰਜਣਾ ਦੇ ਬੀਜ ਲਿਖਤੀ ਰੂਪ ਵਿੱਚ ਬੀਜੇ ਜਾਣ ਲੱਗੇ। ਭਾਵੇਂ ਇਸ ਕਿਸਮ ਦੀਆਂ ਰਚਨਾਵਾਂ ਵਿੱਚ ਸ਼ਬਦਾਵਲੀ ਬੋਝਲ, ਵਿਸ਼ੇ ਧਾਰਮਿਕ ਅਤੇ ਆਸ਼ਾ ਸਦਾਚਾਰਕ ਸੀ ਪਰੰਤੂ ਬੱਚਿਆਂ ਲਈ ਮਨੋਰੰਜਨ ਸਮੱਗਰੀ ਵੀ ਲੁਕਵੇਂ ਰੂਪ ਵਿੱਚ ਪ੍ਰਸਤੁਤ ਕੀਤੀ ਜਾਂਦੀ ਸੀ।

**ਮੁੱਖ ਸਬਦ:** ਬਾਲ ਗਲਪ, ਨਾਵਲ, ਨਾਟਕ, ਇਕਾਂਗੀ ਆਦਿ

ਬਾਲ-ਗਲਪ ਵਿੱਚ ਕਹਾਣੀ ਦਾ ਸਥਾਨ ਪ੍ਰਮੁੱਖ ਮੰਨਿਆ ਗਿਆ ਹੈ ਜਿਸ ਨੂੰ ਬੱਚੇ ਵਿਸ਼ੇਸ਼ ਰੂਪ ਵਿੱਚ ਪਸੰਦ ਕਰਦੇ ਹਨ। ਇਸ ਰੂਪ ਨੂੰ 'ਪੰਚਤੰਤਰ, ਪੌਰਾਣਿਕ ਜਾਤਕ, ਈਸਪ, ਬੈਤਾਲ, ਚਿੜੀ-ਜਨੌਰਾਂ ਆਦਿ ਦੀਆਂ ਕਥਾਵਾਂ ਦੇ ਰਾਹੀਂ ਪ੍ਰਸਤੁਤੀ ਦਾ ਆਧਾਰ ਬਣਾਇਆ ਜਾਂਦਾ ਰਿਹਾ ਹੈ। ਕਹਾਣੀ ਬੱਚਿਆਂ ਤੱਕ ਆਪਣਾ ਸੁਨੇਹਾ ਪਹੁੰਚਾਉਣ ਲਈ ਕਾਰਗਰ ਮਾਧਿਅਮ ਸਵੀਕਾਰ ਕੀਤਾ ਗਿਆ ਹੈ।

ਬਾਲ-ਗਲਪ ਵਿੱਚ ਕਹਾਣੀ ਦਾ ਸਥਾਨ ਪ੍ਰਮੁੱਖ ਮੰਨਿਆ ਗਿਆ ਹੈ ਸੀ. ਐਸ. ਲੈਵਿਸ (C.S. Levis) ਅਨੁਸਾਰ ਉਸਨੇ ਬਾਲ ਕਹਾਣੀਆਂ ਉਦੋਂ ਲਿਖੀਆਂ ਜਦੋਂ ਇਹ ਰੂਪ ਉਸਦੇ ਸੁਨੇਹੇ ਲਈ ਉਤਮ ਆਰਟ ਸੀ।

ਮੈਕਸਿਮ ਗੋਰਕੀ ( Maxim Gorky ) ਜਿਸਨੂੰ 1920 ਵਿੱਚ ਸਿਰਜਣਾਤਮਕ ਕਲਪਨਾ ਨਾਲ ਭਰਪੂਰ ਬਾਲ ਕਹਾਣੀਆ ਲਿਖਣ ਵਾਲਾ ਲੇਖਕ ਮੰਨਿਆ ਗਿਆ, ਦਾ ਕਥਨ ਹੈ ਬਾਲ ਕਹਾਣੀ ਉਹ ਹੋਣੀ ਚਾਹੀਦੀ ਹੈ ਜੋ ਬੱਚੇ ਨੂੰ ਚੜ੍ਹਦੀ ਕਲਾ ਵਿੱਚ ਰਹਿਣ ਵਾਲਾ ਨਾਇਕ ਬਣਨ ਲਈ ਪ੍ਰੇਰਿਤ ਕਰੇ।[1]

'ਬਾਲ ਕਹਾਣੀ' ਕੀ ਹੈ ? ਇਹ ਹੋਂਦ ਵਿੱਚ ਕਿਵੇਂ ਆਈ ? ਇਹ ਕੁਝ ਗੰਭੀਰ ਸੁਆਲ ਹਨ ਜਿਨ੍ਹਾਂ ਬਾਰੇ ਵਿਚਾਰ ਕਰਨੀ ਬਣਦੀ ਹੈ। ਇਸ ਸੰਦਰਭ ਵਿੱਚ ਬਾਲ ਕਹਾਣੀ ਦੀ ਖੋਜਾਰਥਣ ਊਸ਼ਾ ਦੇਵੀ ਸਿੰਘ ਦਾ ਕਹਿਣਾ ਹੈ, 'ਕਹਾਣੀ ਪੁਰਾਣੀ ਵਿਧਾ ਹੈ। ਇਸ ਦਾ ਸਮਾਂ ਈਸਾ ਪੂਰਵ 5000 ਸਾਲ ਤੋਂ 10000 ਸਾਲ ਤਕ ਅਨੁਮਾਨਿਤ ਕੀਤਾ ਗਿਆ ਹੈ। ਜਦੋਂ ਕਿਸੇ ਚਮਤਕਾਰਿਕ ਵਿਧੀ ਨਾਲ ਘਟੀ ਕਿਸੇ ਘਟਨਾ ਬਾਰੇ ਇਕ ਆਦਮੀ ਨੇ ਦੂਜੇ ਆਦਮੀ ਨੂੰ ਦੱਸਿਆਂ ਹੋਵੇਗਾ ਤੇ ਚਮਤਕਾਰ ਹੋਇਆ ਹੋਵੇਗਾ ਉਦੋਂ ਕਹਾਣੀ ਦਾ ਜਨਮ ਹੋਇਆ।"[2]

ਬਾਲ ਕਹਾਣੀ ਦੇ ਛੇ ਮੂਲ ਤੱਤ ਨਿਰਧਾਰਿਤ ਕੀਤੇ ਜਾ ਸਕਦੇ ਹਨ:

ੳ. ਕਥਾਨਕ
ਅ. ਚਰਿੱਤਰ ਚਿਤਰਨ
ੲ. ਸੰਵਾਦ
ਸ. ਦੇਸ਼ ਕਾਲ
ਹ. ਭਾਸ਼ਾ ਸ਼ੈਲੀ ਅਤੇ
ਕ. ਉਦੇਸ਼

### ੳ. ਕਥਾਨਕ

ਕਥਾਨਕ ਬਾਲ ਕਹਾਣੀ ਦੀ ਜਿੰਦ ਜਾਨ ਹੁੰਦਾ ਹੈ। ਇਸ ਦਾ ਸਭ ਤੋਂ ਵੱਧ ਮਹੱਤਵ ਹੁੰਦਾ ਹੈ। ਇਸ ਦੀ ਹੋਂਦ ਸਾਹਿਤਕ ਕਹਾਣੀ ਨਾਲੋਂ ਭਿੰਨ ਹੁੰਦੀ ਹੈ ਅਤੇ ਮਜ਼ਬੂਤ ਵੀ। ਇਸੇ ਤੱਤ ਰਾਹੀਂ ਹੀ ਬਾਲ ਕਹਾਣੀ ਸਿਰਜਕ ਆਪਦਾ ਭਾਵ ਬਾਲਾਂ ਨਾਲ ਸਹੀ ਰੂਪ ਵਿੱਚ ਅਭਿਵਿਅਕਤ ਕਰ ਸਕਦਾ ਹੈ। ਕਥਾਨਕ ਹੀ ਬੁਨਿਆਦੀ ਤੌਰ 'ਤੇ 'ਇਸਤਰੀ ਦਾ ਪੇਟ' ਹੈ ਜਿਸ ਬਿਨਾਂ ਕੋਈ ਚੰਗੇਰੀ ਤੇ ਮਜ਼ਬੂਤ ਬਾਲ ਕਹਾਣੀ ਪੈਦਾ ਨਹੀਂ ਹੋ ਸਕਦੀ।

### ਅ. ਚਰਿੱਤਰ ਚਿਤਰਨ

ਚਰਿੱਤਰ ਚਿਤਰਨ ਬਾਲ ਕਹਾਣੀ ਦਾ ਅਜਿਹਾ ਤੱਤ ਹੈ ਜਿਸ ਨਾਲ ਕਹਾਣੀ ਅੱਗੇ ਵਧਦੀ ਹੈ। ਪਾਤਰ ਆਪਸੀ ਸੰਵਾਦ ਰਾਹੀਂ ਆਪਣੇ ਹਾਵ-ਭਾਵ ਭਾਵੇਂ ਵਾਰਤਾਲਾਪੀ ਵਿਧੀ ਰਾਹੀਂ ਨਹੀਂ ਪ੍ਰਗਟਾਉਂਦੇ ਪਰੰਤੂ ਉਹਨਾਂ ਦੀਆਂ ਭਾਵਨਾਵਾਂ ਜਾਂ ਜਜ਼ਬਾਤ ਕਹਾਣੀ ਦਾ ਆਧਾਰ ਮੁੱਢ ਤੋਂ ਲੈ ਕੇ ਅੰਤ ਤੱਕ ਬਣੇ ਰਹਿੰਦੇ ਹਨ। ਇਸ ਤੱਤ ਦੀ ਅਣਹੋਂਦ ਨਾਲ ਬਾਲ ਕਹਾਣੀ ਦਾ ਸਰੂਪ ਡਾਵਾਂਡੋਲ ਹੋ ਸਕਦਾ ਹੈ। ਸਿੱਖਿਆ ਸ਼ਾਸਤਰੀਆਂ ਅਨੁਸਾਰ ਇਸ ਤੱਤ ਬਗੈਰ ਚੰਗੀ ਬਾਲ ਕਹਾਣੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ ਕਿਉਂਕਿ ਪਾਤਰਾਂ ਦੇ ਵਿਭਿੰਨ ਕਿਸਮ ਦੇ ਚਰਿੱਤਰ ਹੀ ਰੌਚਿਕਤਾ ਉਤਪੰਨ ਕਰਦੇ ਹਨ। ਅਸਲ ਵਿੱਚ ਇਸ ਤੱਤ ਉਪਰ ਹੀ ਸਮੁੱਚੀ ਕਹਾਣੀ ਦਾ ਪਲਾਟ ਉਸੱਰਦਾ ਹੈ।

### ੲ. ਸੰਵਾਦ

ਬਾਲ ਕਹਾਣੀ ਵਿਚਲੇ ਪਾਤਰਾਂ ਦੇ ਆਪਸੀ ਵਾਰਤਾਲਾਪ ਨੂੰ 'ਸੰਵਾਦ' ਦਾ ਨਾਂ ਵੀ ਦਿੱਤਾ ਜਾਂਦਾ ਹੈ। ਇਹ ਰੁਝਾਨ ਪੂਰਵ

ਸੁਤੰਤਰਤਾ ਕਾਲ ਵਿੱਚ ਰਚੀ ਗਈ ਬਾਲ ਕਹਾਣੀ 'ਚ ਵਧੇਰੇ ਸੀ ਪਰੰਤੂ ਅੱਜ ਕੱਲ੍ਹ ਸਾਹਿਤਕ ਕਹਾਣੀ ਵਾਂਗ ਸੰਵਾਦ ਕੇਵਲ ਨਾਟਕ ਜਾਂ ਇਕਾਂਗੀਆਂ ਤੱਕ ਹੀ ਮਹਿਸੂਸ ਰਹਿੰਦੇ ਹਨ। ਬਾਲ ਕਹਾਣੀ ਦੇ ਪਾਤਰ ਸਿੱਧਾ ਵਾਰਤਾਲਾਪ ਨਹੀਂ ਰਚਾਉਂਦੇ ਸਗੋਂ ਸੰਵਾਦ ਨੂੰ ਬਾਲ ਕਹਾਣੀ ਸਿਰਜਕ ਸਧਾਰਨ ਭਾਸ਼ਾ ਵਾਲੀ ਸ਼ੈਲੀ ਦੀ ਪੁੱਠ ਚਾੜ੍ਹ ਕੇ ਪੇਸ਼ ਕਰਦਾ ਹੈ। ਇਹ ਵੇਖਣ ਵਿੱਚ ਆਇਆ ਹੈ ਕਿ ਅਜੋਕੀ ਰਚੀ ਜਾ ਰਹੀਂ ਬਾਲ ਕਹਾਣੀ ਵਿੱਚ ਸੂਖਮਤਾ ਦੇ ਵਿਅੰਗ ਦੀ ਘਾਟ ਹੈ। ਸਿੱਧਾ ਸਪਾਟ ਬਿਆਨ ਮਹਿਜ ਉਪਦੇਸ਼ਾਤਮਕ ਬਣ ਕੇ ਰਹਿ ਜਾਂਦਾ ਹੈ। ਸੰਵਾਦਾਂ ਨੂੰ ਅਜਿਹੀ ਕੁਠਾਲੀ ਵਿੱਚ ਢਾਲਿਆ ਜਾਣਾ ਚਾਹੀਦਾ ਹੈ ਕਿ ਉਹ ਜ਼ਿੰਦਗੀ ਦੇ ਸੱਚ ਨੂੰ ਸ਼ਕਤੀਸ਼ਾਲੀ ਢੰਗ ਨਾਲ ਪ੍ਰਸਤੁਤ ਕਰਨ ਦੀ ਸਮਰੱਥਾ ਰੱਖ ਸਕਣ।

### ਸ. ਦੇਸ਼ ਕਾਲ

ਦੇਸ਼ ਕਾਲ ਕਿਸੇ ਕਹਾਣੀ ਵਿੱਚ ਪ੍ਰਗਟਾਇਆ ਗਿਆ ਸਥਾਨ ਤੇ ਸਮਾਂ ਹੁੰਦਾ ਹੈ ਜਿਸ ਦੇ ਅਨੁਕੂਲ ਸਮੁੱਚੀ ਰਚਨਾ ਸਿਰਜੀ ਜਾਂਦੀ ਹੈ। ਇਹੋ ਜਿਹੀ ਸਥਿਤੀ ਹੋਵੇਗੀ ਉਹੋ ਜਿਹਾ ਹੀ ਬਾਲ ਕਹਾਣੀ ਦੇ ਪਾਤਰਾਂ ਨੇ ਕਾਰਜ ਨਿਭਾਉਣਾ ਹੁੰਦਾ। ਇਸ ਤੱਤ ਦੀ ਸਹਾਇਤਾ ਨਾਲ ਬਾਲ-ਪਾਠਕ ਦੇ ਮਨ ਵਿੱਚ ਇਕ ਕਾਲਪਨਿਕ ਸੰਸਾਰ ਸਿਰਜਿਆ ਜਾਂਦਾ ਹੈ ਜਿਹੜਾ ਉਸਨੂੰ ਕਾਲਪਨਿਕਤਾ ਦੇ ਘੋੜੇ ਤੇ ਚੜ੍ਹਾ ਕੇ ਉਸ ਸਮੇਂ ਦੇ ਆਲਮ ਵਿੱਚ ਲੈ ਜਾਂਦਾ ਹੈ। ਜਿਸ ਦੀ ਉਹ ਕਹਾਣੀ ਪੜ੍ਹ ਰਿਹਾ ਹੈ ਅਤੇ ਜਿਸ ਬਾਰੇ ਉਸ ਨੇ ਕਦੇ ਚਿੱਤ-ਚੇਤੇ ਵਿੱਚ ਨਹੀਂ ਸੋਚਿਆ ਹੁੰਦਾ।

### ਹ. ਭਾਸ਼ਾ ਸ਼ੈਲੀ

ਬਾਲ ਕਹਾਣੀ ਵਿੱਚ ਵਰਤਿਆ ਜਾਣਾ ਵਾਲਾ ਤੱਤ 'ਭਾਸ਼ਾ ਸ਼ੈਲੀ' ਵਿਸ਼ੇਸ਼ਤਾ ਦਾ ਲਖਾਇਕ ਹੈ। ਕਈ ਵਾਰ ਕਹਾਣੀ ਸਿਰਜਕ ਇੰਨੀ ਜਟਿਲ ਸਮੱਸਿਆ ਜਾਂ ਵਿਸ਼ੇ ਨੂੰ ਲੈ ਕੇ ਕਹਾਣੀ ਦੀ ਰਚਨਾ ਕਰਦੇ ਹਨ ਕਿ ਉਸ ਵਿੱਚ ਬੌਧਿਕਤਾ ਦਾ ਤੱਤ ਭਾਰੂ ਹੋ ਜਾਂਦਾ ਹੈ। ਇਹ ਤੱਤ ਬੱਚਿਆਂ ਨੂੰ ਸਾਹਿਤ ਨਾਲੋਂ ਦੂਰ ਲੈ ਜਾਦਾ ਹੈ। ਇਹੀ ਕਾਰਨ ਹੈ ਕਿ ਸ਼ਬਦਾਵਲੀ ਅਤੇ ਵਿਸ਼ੇ ਬਾਲ-ਅਨੁਭਵ ਦੇ ਦਾਇਰੇ ਵਿੱਚੋਂ ਬਾਹਰ ਦੇ ਹੋਣ ਕਰਕੇ ਕੋਈ ਰਚਨਾ ਬੱਚਿਆਂ ਨੂੰ ਨਹੀਂ ਭਾਉਂਦੀ ਅਤੇ ਉਹ ਰਚਨਾ ਨੂੰ ਨਕਾਰ ਦਿੰਦੇ ਹਨ। ਇਸ ਪ੍ਰਕਾਰ ਦੀ ਕ੍ਰਿਤੀ ਦਾ ਕੋਈ ਲਾਭ ਨਹੀਂ। ਵਾਕ ਬਹੁਤੇ ਲੰਮੇ ਨਹੀਂ ਹੋਣੇ ਚਾਹੀਦੇ ਅਤੇ ਨਾ ਹੀ ਵਿਸਤਾਰਭਰਪੂਰ ਬਿਆਨ। ਵਿਦੇਸ਼ੀ ਭਾਸ਼ਾ ਸ਼ੈਲੀ ਦੇ ਪ੍ਰਯੋਗ ਤੋਂ ਬੱਚਿਆ ਜਾਵੇ ਤਾਂ ਚੰਗਾ ਹੈ। ਬੱਚਿਆਂ ਦੇ ਵਿਭਿੰਨ ਨਿਰਧਾਰਤ ਉਮਰ ਗਰੁੱਪਾਂ ਮੁਤਾਬਿਕ ਵਰਤੀ ਗਈ ਅਢੁੱਕਵੀਂ ਭਾਸ਼ਾ ਬਾਲਾਂ ਦੀ ਰੌਚਿਕਤਾ ਤੇ ਉਤਸੁਕਤਾ ਨੂੰ ਪੁੰਗਰਨ ਨਹੀਂ ਦਿੰਦੀ। ਸੋ ਉਹ ਭਾਸ਼ਾ ਤੇ ਸ਼ੈਲੀ ਬਾਲਾਂ ਲਈ ਉਪਯੋਗ ਕੀਤੀ ਜਾਵੇ ਜਿਹੜੀ ਉਹਨਾਂ ਦੀ ਮਾਨਸਿਕਤਾ ਦੀ ਤਰਜ਼ਮਾਨੀ ਕਰੇ।

### ਕ. ਉਦੇਸ਼

ਹਰ ਰਚਨਾ ਵਾਂਗ ਬਾਲ ਕਹਾਣੀ ਦਾ ਵੀ ਆਪਣਾ ਇਕ ਉਦੇਸ਼ ਜਾਂ ਪ੍ਰਯੋਜਨ ਹੁੰਦਾ ਹੈ। ਇਸ ਵੰਨਗੀ ਵਿੱਚ ਇਹ ਤੱਤ ਆਮ ਤੌਰ ਤੇ ਨਿਹਿਤ ਹੁੰਦਾ ਹੈ। ਘਟਨਾ ਕ੍ਰਮ ਅਨੁਸਾਰ ਕਹਾਣੀ ਅੱਗੇ ਵੱਧਦੀ ਜਾਂਦੀ ਹੈ ਅਤੇ ਅੰਤ ਵਿੱਚ ਇਸ ਦਾ ਲੁਕਵਾਂ ਪ੍ਰਯੋਜਨ ਉਘੜਦਾ ਹੈ। ਜੇਕਰ ਕੋਈ ਕਹਾਣੀ ਸਿਰਜਕ ਇਸ ਤੱਤ ਨੂੰ ਅੱਖੋਂ ਪਰੋਖੇ ਕਰਦਾ ਹੈ ਜਾਂ ਬੱਚਿਆਂ ਨੂੰ ਸਿੱਧੀ ਸਿੱਖਿਆ ਦੇਂਦਾ ਚਾਹੁੰਦਾ ਹੈ ਤਾਂ ਉਸਦੀ ਰਚਨਾ ਵਧੇਰੇ ਮੁੱਲਵਾਨ ਨਹੀਂ ਰਹਿੰਦੀ। ਬਾਲ-ਕਹਾਣੀ ਵਿੱਚ ਘਟਨਾਵਾਂ ਦਾ ਅਜਿਹਾ ਤਾਣਾ ਬੁਣਿਆ ਹੁੰਦਾ ਹੈ ਜਿਸਨੂੰ ਬੱਚੇ ਅਸਾਨੀ ਨਾਲ ਨਹੀਂ ਖੋਲ੍ਹ ਸਕਦੇ ਤੇ ਸੋਚਣ ਦੀ ਕੋਸ਼ਿਸ਼ ਕਰਦੇ ਹਨ ਪਰੰਤੂ ਇਹ ਤਾਣਾ ਇੰਨਾ ਉਲਝਿਆ ਹੋਇਆ ਵੀ ਨਹੀਂ ਹੋਣਾ ਚਾਹੀਦਾ ਕਿ ਬੱਚੇ ਉਸ ਵਿੱਚ ਖ਼ੁਦ ਉਲਝ ਕੇ ਰਹਿ ਜਾਣ।

'ਬਾਲ ਕਾਵਿ' ਵਾਂਗ 'ਬਾਲ ਕਹਾਣੀ' ਦੀ ਵੀ ਵਰਗ ਵੰਡ ਕੀਤੀ ਗਈ ਹੈ ਜੋ ਇਸ ਪ੍ਰਕਾਰ ਹੈ :

ੳ. ਆਦ ਕਾਲ (Primeval) ਦੀਆਂ ਕਹਾਣੀਆਂ
ਅ. ਜਨੌਰ (Birds) ਕਹਾਣੀਆਂ
ੲ. ਪ੍ਰਾਸਰੀਰਕ ਪਾਤਰਾਂ (Metaphysical Characters) ਦੀਆਂ ਕਹਾਣੀਆਂ
ਸ. ਪੁਰਾਤਨ ਕਲਪਿਤ (Imaginative) ਕਹਾਣੀਆਂ
ਹ. ਆਧੁਨਿਕ (Modern) ਕਹਾਣੀਆਂ

### ੳ. ਆਦਿ ਕਾਲ ਦੀਆਂ ਕਹਾਣੀਆਂ

ਇਸ ਭਾਗ ਵਿੱਚ ਉਹ ਸਾਰੀਆਂ ਕਹਾਣੀਆਂ ਆ ਜਾਂਦੀਆਂ ਹਨ ਜੋ ਮਨੁੱਖ ਨੇ ਇਕ ਦੂਜੇ ਕੋਲੋਂ ਮੂੰਹੋਂ ਮੂੰਹੀ ਸੁਣੀਆਂ ਸਨ ਜਾਂ ਵਾਪਰਦੀਆਂ ਵੇਖੀਆਂ। ਆਦਿ ਮਨੁੱਖ ਕੀ ਖਾਂਦਾ ਸੀ ? ਕਿੱਥੇ ਰਹਿੰਦਾ ਸੀ ? ਉਸਦਾ ਪਹਿਰਾਵਾਂ ਤੇ ਦਿਨਚਰਯਾ ਕੀ ਸੀ ? ਆਪਣੇ ਬਚਾਅ ਪੱਖ ਲਈ ਉਹ ਕਿਸ ਕਿਸਮ ਦੇ ਹਥਿਆਰ ਵਰਤਦਾ ਸੀ ? ਆਦਿ ਸੁਆਲ ਬਾਲ ਕਹਾਣੀ ਦੇ ਚੌਖਟੇ ਵਿੱਚ ਫਿੱਟ ਹੁੰਦੇ ਹਨ ਜੋ ਬਾਲ-ਉਤਸੁਕਤਾ ਨੂੰ ਵਧਾਉਂਦੇ ਹਨ। ਇਹਨਾਂ ਕਹਾਣੀਆਂ ਵਿਚਲਾ ਰਸ ਹੀ ਬੱਚਿਆਂ ਨੂੰ ਆਦਿ ਮਾਨਵ ਦੀਆਂ ਸਰਬਪੱਖੀ ਪ੍ਰਕਿਰਿਆਵਾਂ ਨਾਲ ਜੋੜਦਾ ਹੈ। ਕਹਾਣੀਆਂ ਪੜ੍ਹਕੇ ਜਿੱਥੇ ਬੱਚਿਆਂ ਨੂੰ ਆਨੰਦ ਦੀ ਤ੍ਰਿਪਤੀ ਹੁੰਦੀ ਹੈ ਉਥੇ ਮਨੁੱਖੀ ਵਿਕਾਸ ਦੇ ਲੜੀਵਾਰ ਪੜਾਅ ਬਾਰੇ ਵੀ ਜਾਣਕਾਰੀ ਹਾਸਲ ਹੁੰਦੀ ਹੈ। ਇਸ ਪ੍ਰਕਾਰ ਦੀਆਂ ਕਹਾਣੀਆਂ ਦਾ ਝੁਕਾਉ ਸੁਣਨ ਨਾਲੋਂ ਪੜ੍ਹਨ ਵਿੱਚ ਵਧੇਰੇ ਹੈ ਕਿਉਂਕਿ ਅਜਿਹਾ ਮਸਾਲਾ ਬੱਚਿਆਂ ਨੂੰ ਸਮਾਜਿਕ ਜਾਂ ਇਤਿਹਾਸ ਨਾਲ ਸੰਬੰਧਤ ਪਾਠ-ਕ੍ਰਮ ਦੀਆਂ ਪੁਸਤਕਾਂ ਵਿੱਚ ਵਧੇਰੇ ਉਪਲਬਧ ਹੋ ਜਾਂਦਾ ਹੈ।

### ਅ. ਜਨੌਰ ਕਹਾਣੀਆਂ

ਜਨੌਰ ਕਹਾਣੀਆਂ ਦਿਲਚਸਪੀ ਦੇ ਪੱਖ ਤੋਂ ਬਾਲ ਮਾਨਸਿਕਤਾ ਨੂੰ ਵਧੇਰੇ ਟੁੰਭਦੀਆਂ ਹਨ। ਪੰਜਾਬੀ ਦੇ 'ਚਿੜੀ ਕਾਂ, ਹੰਸ ਹੰਸਣੀ, ਤੋਤਾ ਮੈਨਾ, ਜੱਟ ਤੇ ਬਟੈਰ' ਆਦਿ ਪ੍ਰਚੱਲਤ ਕਥਾ-ਸਮੂਹ ਕਾਫੀ ਲੋਕਪ੍ਰਿਯ ਹਨ। ਇਹਨਾਂ ਕਹਾਣੀਆਂ ਵਿੱਚ ਜਨੌਰ ਮਨੁੱਖ ਵਾਂਗ ਬੋਲਦੇ ਅਰਥਾਤ ਆਪਣੇ ਹਾਵ-ਭਾਵ ਪ੍ਰਗਟਾਉਂਦੇ ਹਨ। 'ਪੰਚਤੰਤਰ', 'ਈਸਪ' ਆਦਿ ਦੇ ਨੀਤੀ-ਗ੍ਰੰਥ ਅਜਿਹੀਆਂ ਹੀ ਕਹਾਣੀਆਂ ਨਾਲ ਭਰਪੂਰ ਹਨ ਜਿਨ੍ਹਾਂ ਰਾਹੀਂ ਜੀਵਨ ਦੇ ਗੁੰਝੇਪਣ ਨੂੰ ਚਿੰਨ੍ਹਾਤਮਕ ਵਿਧੀ ਰਾਹੀਂ ਪ੍ਰਸਤੁਤ ਕੀਤਾ ਗਿਆ ਹੈ ਭਾਵ ਜ਼ਿੰਦਗੀ ਦੇ ਯਥਾਰਥ ਨੂੰ ਪ੍ਰਤੀਕਾਂ ਰਾਹੀਂ ਦ੍ਰਿਸ਼ਟੀਮਾਨ ਕੀਤਾ ਗਿਆ ਹੈ ; ਇਸ ਦਿਸ਼ਾ ਵਿੱਚ ਵਣਜਾਰਾ ਬੇਦੀ ਦਾ ਕਾਰਜ ਨਿਰਸੰਦੇਹ ਪ੍ਰਸ਼ੰਸਾ ਦਾ ਪਾਤਰ ਹੈ ਜਿਸ ਨੇ ਪੰਜਾਬ ਦੀ ਹੀ ਨਹੀਂ

ਸਗੋਂ ਪੰਜਾਬ ਤੋਂ ਬਾਹਰ ਦੀਆਂ ਅਨੇਕ ਜਨੌਰ ਕਹਾਣੀਆਂ ਨੂੰ ਆਪਣੀਆਂ ਸੰਬੰਧਤ ਪੁਸਤਕਾਂ ਵਿੱਚ ਸੰਭਾਲਿਆਂ ਹੈ ਅਤੇ ਬਾਲ-ਸਾਹਿਤ ਦੇ ਨਾਲ ਨਾਲ ਲੋਕ-ਸਾਹਿਤ ਦਾ ਭੰਡਾਰ ਭਰਪੂਰ ਕੀਤਾ ਹੈ।

### ੲ. ਪਰਾਸਰੀਰਕ ਪਾਤਰਾਂ ਦੀਆਂ ਕਹਾਣੀਆਂ

ਇਸ ਸ਼੍ਰੇਣੀ ਦੀਆਂ ਕਹਾਣੀਆਂ ਵਿੱਚ ਪ੍ਰਾਸਰੀਰਕ ਪਾਤਰਾਂ (Metaphysical Characters) ਜਿਵੇਂ ਦਿਓ, ਪਰੀਆਂ, ਭੂਤ-ਪ੍ਰੇਤਾਂ, ਚੁੜੇਲਾਂ, ਜਿੰਨ, ਹਵਾ, ਅੱਗ ਆਦਿ ਭੂਮਿਕਾ ਅਦਾ ਕਰਦੇ ਹਨ। ਇਹ ਪਾਤਰ ਕਿਸੇ ਨੇ ਵੇਖੇ ਨਹੀਂ ਪਰ ਇਹਨਾਂ ਦੇ ਕਾਰਜਾਂ ਦਾ ਸੰਕਲਪ ਮਨ ਵਿੱਚ ਵਸ ਜਾਦਾ ਹੈ ਜਿਵੇਂ ਦਿਓ ਜਿੰਨ, ਭੂਤ-ਪ੍ਰੇਤ ਚੁੜੇਲ ਆਪਣੇ ਡਰਾਉਣੇ ਤੇ ਭਿਆਨਕ ਕਾਲਪਨਿਕ ਸਰੀਰ ਅਤੇ ਘਟੀਆ ਕਾਰਜਾਂ ਲਈ ਪ੍ਰਸਿੱਧ ਪਾਤਰ ਹਨ। ਪਰੀਆਂ ਆਪਣੀਆਂ ਸੁੰਦਰਤਾ, ਨਿਰਮਲਤਾ ਅਤੇ ਸ਼ੁਭ ਕਰਮਾਂ ਦੀਆਂ ਪ੍ਰਤੀਕ ਵਜੋਂ। ਇਹਨਾਂ ਕਹਾਣੀਆਂ ਨਾਲ ਸਬੰਧਤ ਭੂਤ-ਪ੍ਰੇਤ, ਜਿੰਨ ਆਦਿ ਜਿੱਥੇ ਮਨੁੱਖ ਦੇ ਰਾਹ ਵਿੱਚ ਰੋੜਾ ਅਟਕਾਉਣ ਵਾਲੇ ਸਮਝੇ ਜਾਂਦੇ ਹਨ ਉਥੇ ਪਰੀਆਂ ਔਖੇ ਸਮੇਂ ਉਸਦੀ ਸਹਾਇਤਾ ਕਰਕੇ ਉਸਨੂੰ ਦੁਬਿਧਾ ਵਿਚੋਂ ਬਾਹਰ ਕੱਢਦੀਆਂ ਹਨ। ਇਹੀ ਕਾਰਨ ਹੈ ਕਿ ਕਈ ਕਹਾਣੀਆਂ ਵਿੱਚ ਦੋਵੇਂ ਪ੍ਰਕਾਰ ਦੇ ਪਾਤਰਾਂ ਦਾ ਵਿਰੋਧਭਾਸ ਵੀ ਕਾਇਮ ਹੁੰਦਾ ਹੈ। ਬੱਚਿਆਂ ਲਈ ਇਸ ਭਾਗ ਦੀਆਂ ਕਹਾਣੀਆਂ ਕਿਸੇ ਸਮੇਂ ਬਹੁਤੇ ਪ੍ਰਚਲਿਤ ਰਹੀਆਂ ਹਨ ਪਰੰਤੂ ਉਹਨਾਂ ਅੰਦਰ ਡਰਾਕਲ ਪ੍ਰਵਿਰਤੀ ਪੈਦਾ ਕਰਦੀਆਂ ਸਨ। ਵਿਗਿਆਨ ਦੇ ਵਿਕਸਤ ਹੋ ਜਾਣ ਨਾਲ ਬੱਚਿਆਂ ਵਿੱਚ ਇਹ ਡਰ ਕਾਫੀ ਹੱਦ ਤੱਕ ਘਟਿਆ ਹੈ। 'ਚੰਦਾ ਮਾਮਾ' ਪੱਤ੍ਰਿਕਾ ਵਿੱਚ ਇਸ ਪ੍ਰਕਾਰ ਦੀਆਂ ਕਹਾਣੀਆਂ ਦੀ ਭਰਮਾਰ ਹੁੰਦੀ ਸੀ। ਸ਼ਾਇਦ ਇਸੇ ਕਰਕੇ ਹੀ ਉਸਨੂੰ ਪੰਜਾਬੀ ਬਾਲਾਂ ਵੱਲੋਂ ਨਹੀਂ ਸੀ ਅਪਣਾਇਆ ਗਿਆ। ਸਿੱਟੇ ਵਜੋਂ ਪੱਤ੍ਰਿਕਾ ਦਾ ਚਲਨ ਬੰਦ ਹੋ ਗਿਆ।

ਇਸ ਪ੍ਰਕਾਰ ਦੇ ਪਾਤਰਾਂ ਨਾਲ ਸੰਬੰਧਤ ਸੰਸਾਰ ਦੀ ਪਹਿਲੀ ਪੁਸਤਕ ਐਂਡਰਸਨ ਰਚਿਤ 'ਪਰੀ ਕਹਾਣੀਆਂ' ਮੰਨੀ ਗਈ ਹੈ ਜੋ 1846 ਵਿੱਚ ਇੰਗਲੈਂਡ ਵਿੱਚ ਛਪੀ।

### ਸ. ਪੁਰਾਤਨ ਕਲਪਿਤ ਕਹਾਣੀਆਂ

ਇਹ ਉਹ ਕਹਾਣੀਆਂ ਹਨ ਜਿਨ੍ਹਾਂ ਵਿੱਚ ਮਹਿਜ਼ ਰਾਜੇ ਰਾਣੀਆਂ, ਰਾਜਕੁਮਾਰ ਰਾਜਕੁਮਾਰੀਆਂ ਆਦਿ ਪਾਤਰਾਂ ਦੇ ਕਾਰਜਾਂ ਨੂੰ ਕਾਲਪਨਿਕ ਰੂਪ ਵਿੱਚ ਪ੍ਰਸਤੁਤ ਕੀਤਾ ਜਾਂਦਾ ਰਿਹਾ ਹੈ। ਭਾਵੇਂ ਇਸ ਵਿੱਚ ਯਥਾਰਥ ਦੀ ਚਾਸ਼ਨੀ ਵੀ ਹੁੰਦੀ ਹੈ। ਇਸ ਭਾਗ ਵਾਲੀਆਂ ਕਹਾਣੀਆ ਵਿੱਚ ਹੈਰਾਨੀਜਨਕ ਤੇ ਰੌਚਿਕ ਤੱਤਾਂ ਦੀ ਭਰਮਾਰ ਹੁੰਦੀ ਹੈ। ਇਹੀ ਕਾਰਨ ਹੈ ਕਿ ਬਾਲ ਮਨ ਇਹਨਾ ਨਾਲ ਬਹੁਤ ਛੇਤੀ ਇਕਮਿਕ ਹੋ ਜਾਂਦਾ ਹੈ। ਇਹਨਾਂ ਪਾਤਰਾਂ ਦੇ ਕਾਰਜ ਬਹਾਦਰੀ ਦੇ ਜਜ਼ਬਿਆਂ ਨਾਲ ਭਰਪੂਰ ਜਾਂ ਤਿਲਸਮੀ ਕਾਰਨਾਮਿਆਂ ਨਾਲ ਜੁੜੇ ਹੁੰਦੇ ਹਨ। ਜਿਉਂ-ਜਿਉਂ ਕਹਾਣੀ ਅੱਗੇ ਵਧਦੀ ਜਾਂਦੀ ਹੈ ਬਾਲ ਦੀ ਉਤਸੁਕਤਾ ਵਧਦੀ ਜਾਦੀ ਹੈ। 'ਅਲਫ਼ ਲੈਲਾ' ਦੀਆਂ ਕਹਾਣੀਆਂ ਇਸੇ ਪ੍ਰਸੰਗ ਵਿੱਚ ਸੁੰਦਰ ਨਮੂਨੇ ਵਜੋਂ ਪ੍ਰਸਤੁਤ ਕੀਤੀਆਂ ਜਾ ਸਕਦੀਆਂ ਹਨ। ਇਹ ਕਹਾਣੀਆਂ ਮਨੁੱਖ ਆਪਣੀ ਬੁੱਧੀ ਮੁਤਾਬਿਕ ਸਮੇਂ ਦੀ ਲੋੜ ਵਿੱਚੋਂ ਪੈਦਾ ਕਰਦਾ ਰਿਹਾ ਹੈ।

### ਹ. ਵਰਤਮਾਨ ਜਾਂ ਆਧੁਨਿਕ ਕਹਾਣੀਆਂ :

ਵਰਤਮਾਨ ਜਾਂ ਆਧੁਨਿਕ ਕਹਾਣੀਆਂ ਉਪਰੋਕਤ ਕਿਸਮ ਦੀਆਂ ਕਹਾਣੀਆਂ ਨਾਲੋਂ ਬਿਲਕੁਲ ਭਿੰਨ ਕਿਸਮ ਦੀਆਂ ਹਨ। ਇਹਨਾਂ ਕਹਾਣੀਆਂ ਵਿੱਚ ਪਿੱਠ ਭੂਮੀ ਪੌਰਾਣਿਕ ਵੀ ਲਈ ਜਾ ਸਕਦੀ ਹੈ ਪਰ ਅਰਥਾਂ ਵਿੱਚ ਨਿਵੇਕਲਾਪਣ ਜ਼ਰੂਰੀ ਹੈ ਪੁਰਾਣੇ ਵਿਸ਼ੇ ਵਾਲੀਆਂ ਕਹਾਣੀਆਂ ਨੂੰ ਨਵੇਂ ਅਰਥਾਂ ਵਿੱਚ ਪ੍ਰਸਤੁਤ ਕਰਨ ਦੀ ਰੁਚੀ ਆਧੁਨਿਕ ਬਾਲ ਕਹਾਣੀ ਵਿੱਚ ਅੱਜ ਕੱਲ੍ਹ ਵਧੇਰੇ ਹੈ ਭਾਵ 'ਪੁਰਾਣੀਆਂ ਬੋਤਲਾਂ ਵਿੱਚ ਨਵੀਂ ਸ਼ਰਾਬ' ਵਜੋਂ ਇਹਨਾਂ ਦੀ ਸਿਰਜਣਾ ਹੁੰਦੀ ਹੈ। ਇਹਨਾਂ ਦੇ ਰੂਪ ਵਿੱਚ ਨਿਖਾਰ ਆਇਆ ਹੈ ਅਤੇ ਸਾਈਜ਼ ਦੇ ਪੱਖ ਤੋਂ ਵੀ ਇਹ ਬਾਕੀ ਕਹਾਣੀਆਂ ਨਾਲੋਂ ਛੋਟੀਆਂ ਹੁੰਦੀਆਂ ਹਨ। ਅਰਥ ਪਰਿਵਰਤਨ ਵਾਲੀਆਂ ਅਜਿਹੀਆਂ ਕਹਾਣੀਆਂ ਦੀ ਸਿਰਜਣਾ ਵਿੱਚ ਅੱਜ ਕੱਲ੍ਹ ਸਤਵੰਤ ਕੌਰ ਮਾਨ, ਮਾਨ ਸਿੰਘ ਹਕੀਰ, ਦਵਿੰਦਰ ਮੰਡ, ਜਸਵੰਤ ਸਿੰਘ ਵਿਰਦੀ ਅਤੇ ਦਰਸ਼ਨ ਸਿੰਘ ਆਸ਼ਟ ਰੁਚੀ ਲੈ ਰਹੇ ਹਨ। ਨਿਰਸੰਦੇਹ ਇਹ ਕਹਾਣੀਆਂ ਆਪਣਾ ਨਿਵੇਕਲਾ ਸਥਾਨ ਗ੍ਰਹਿਣ ਕਰ ਰਹੀਆਂ ਹਨ। ਮਾਸਿਕ ਪਰਚਿਆਂ ਜਾਂ ਅਖ਼ਬਾਰਾਂ ਵਿੱਚ ਇਸ ਪ੍ਰਕਾਰ ਦੀਆਂ ਕਹਾਣੀਆਂ ਛਪਣ ਦੀ ਰੁਚੀ ਵਧੇਰੇ ਹੈ।

ਇਸ ਪ੍ਰਕਾਰ ਬਾਲ ਕਹਾਣੀ ਦਾ ਇਤਿਹਾਸ ਲੰਮੇਰਾ ਹੈ। ਜੇ ਬਾਲ ਕਹਾਣੀਆਂ ਦਾ ਜਨਮ ਮਨੁੱਖ ਦੇ ਜਨਮ ਨਾਲ ਹੀ ਮੰਨ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀਂ। ਪੰਜਾਬੀ ਵਿੱਚ ਬਾਲ ਕਹਾਣੀ ਖੇਤਰ ਵਿੱਚ ਹੁਣ ਤੱਕ ਬਾਕੀ ਵਿਧਾਵਾਂ ਨਾਲੋਂ ਵਧੇਰੇ ਕੰਮ ਹੋਇਆ ਹੈ। ਇਸ ਖੇਤਰ ਵਿੱਚ ਪਹਿਲੀ ਪੀੜ੍ਹੀ ਦੇ ਲੇਖਕਾਂ ਵਿੱਚ ਅਮਰ ਸਿੰਘ, ਸ. ਸ. ਅਮੋਲ, ਸ. ਸ. ਚਰਨ ਸਿੰਘ ਸ਼ਹੀਦ, ਕਰਮ ਸਿੰਘ ਗੰਗਾਵਾਲਾ, ਗੁਰਬਖਸ਼ ਸਿੰਘ ਪ੍ਰੀਤਲੜੀ, ਦਰਸ਼ਨ ਸਿੰਘ ਆਵਾਰਾ, ਨਾਨਕ ਸਿੰਘ, ਨੌਰੰਗ ਸਿੰਘ, ਪਿਆਰਾ ਸਿੰਘ ਸਹਿਰਾਈ, ਮੋਹਨ ਸਿੰਘ ਵੈਦ ਅਤੇ ਲਾਲ ਸਿੰਘ ਗੁਜਰਾਂਵਾਲੀਆਂ, ਦੂਸਰੀ ਪੀੜ੍ਹੀ ਦੇ ਲੇਖਕਾਂ ਵਿੱਚ ਅਜੀਤ ਸੈਣੀ, ਅਜਾਇਬ ਚਿੱਤਰਕਾਰ, ਸੁਖਬੀਰ, ਸੁਖਦੇਵ ਮਾਦਪੁਰੀ, ਸੰਤੋਖ ਸਿੰਘ ਧੀਰ, ਹਜ਼ਾਰਾ ਸਿੰਘ, ਹਰੀ ਸਿੰਘ ਦਿਲਬਰ, ਕਰਤਾਰ ਸਿੰਘ ਕਾਲੜਾ, ਕਰਤਾਰ ਸਿੰਘ ਚਾਵਲਾ, ਕੁਲਦੀਪ ਸਿੰਘ, ਗੋਪਾਲ ਸਿੰਘ, ਗੁਰਦਿਆਲ ਸਿੰਘ, ਜਸਵੰਤ ਸਿੰਘ ਗਿੱਲ, ਪਾਂਧੀ ਨਨਕਾਣਵੀਂ, ਭਗਤ ਸਿੰਘ ਐਮ.ਏ. ਰਾਜ ਦੁਲਾਰ, ਰਾਜਿੰਦਰ ਕੌਰ, ਸ਼ੁਭਚਿੰਤ ਹਰਸ਼, ਤੀਸਰੀ ਪੀੜ੍ਹੀ ਦੇ ਲੇਖਕਾਂ ਵਿੱਚ ਸਤਿਆਪਾਲ ਭਾਰਤ ਭੂਸ਼ਨ, ਸਰਤਾਜ ਸਿੰਘ ਧੌਲ, ਸਰਵਮੀਤ, ਹਰਦੇਵ ਚੌਹਾਨ, ਹਰਪਾਲ ਸਨੇਹੀ ਘੱਗਾ, ਜਸਬੀਰ ਸਿੰਘ ਜੱਸ, ਜਸਬੀਰ ਸਿੰਘ ਭੁੱਲਰ, ਜਗਦੀਸ਼ ਪ੍ਰਸ਼ਾਦ ਕੌਸ਼ਿਕ, ਜੋਗਿੰਦਰ ਸਿੰਘ ਕੈਰੋਂ, ਦਵਿੰਦਰ ਮੰਡ, ਪ੍ਰਗਟ ਸਿੰਘ ਭੂਰ, ਭੁਪਿੰਦਰ ਸਿੰਘ ਆਸ਼ਟ, ਮੁਖਤਾਰ ਗਿੱਲ, ਰਣਜੀਤ ਨੂਰਪੁਰਾ, ਰਣਧੀਰ ਸਿੰਘ ਬੇਦੀ, ਰਾਜਿੰਦਰ ਸੋਢੀ, ਸ਼ਿਆਮ ਸੁੰਦਰ ਅਗਰਵਾਲ ਆਦਿ ਨਾਂ ਜ਼ਿਕਰ ਯੋਗ ਹਨ। ਇਹਨਾਂ ਕਹਾਣੀਕਾਰਾਂ ਨੇ ਬਾਲ ਕਹਾਣੀ ਦਾ ਮੂੰਹ ਮੱਥਾ ਸੁਆਰਨ ਵਿੱਚ ਯੋਗਦਾਨ ਪਾਇਆ ਹੈ।

## ਨਾਵਲ

ਪੰਜਾਬੀ ਬਾਲ ਸਾਹਿਤ ਦਾ ਪਾਠਕ ਵਰਗ ਸੀਮਤ ਹੈ ਇਸ ਵਿੱਚ ਕੋਈ ਦੋ ਰਾਵਾਂ ਨਹੀਂ। ਪਾਠਕ-ਵਰਗ ਵਿੱਚ ਵੱਖੋ-ਵੱਖ ਵਿਧਾਵਾਂ ਦੇ ਸ਼ੌਕੀਨ ਹੁੰਦੇ ਹਨ। ਜਿਥੋਂ ਤੱਕ ਬਾਲ ਨਾਵਲ ਦਾ ਸੁਆਲ ਹੈ, ਇਸ ਦਾ ਪਾਠਕ ਘੇਰਾ ਹੁਣ ਤੱਕ ਪਰਚਿਆਂ ਅਤੇ ਅਖ਼ਬਾਰਾਂ ਦੇ ਮਾਧਿਅਮ ਦੁਆਰਾ ਜ਼ਰੂਰ ਮੋਕਲਾ ਹੁੰਦਾ ਰਿਹਾ ਹੈ।

ਪੰਜਾਬੀ ਵਿੱਚ ਬੱਚਿਆਂ ਲਈ ਨਾਵਲ ਲਿਖਣ ਦੀ ਪਰੰਪਰਾ ਸੁਤੰਤਰ ਰੂਪ ਵਿੱਚ 20ਵੀਂ ਸਦੀ ਵਿੱਚ ਪੂਰਵ ਸੁਤੰਤਰਤਾ ਕਾਲ ਵਿੱਚ ਹੀ ਤੁਰ ਪਈ ਸੀ। 'ਕੰਵਲ', ਫੁਲਵਾੜੀ' ਆਦਿ ਮੁੱਢਲੇ ਗ਼ੈਰ ਬਾਲ ਸਾਹਿਤ ਪੰਜਾਬੀ ਪਰਚਿਆਂ ਨੇ ਇਸ ਪਰੰਪਰਾ ਨੂੰ ਜੀਵਤ ਰੱਖਣ ਦੀ ਕੋਸ਼ਿਸ਼ ਕੀਤੀ ਹੈ। ਅਜਿਹੇ ਹੀ ਕੁਝ ਹੋਰ ਪਰਚਿਆਂ ਵਿੱਚ ਲੰਮੀਆਂ ਕਹਾਣੀਆਂ ਦੇ ਰੂਪ ਵਿੱਚ ਬਾਲ ਨਾਵਲ ਛਪਦੇ ਰਹੇ ਹਨ। ਮੁੱਢਲੇ ਬਾਲ ਨਾਵਲਾਂ ਵਿੱਚ ਧਾਰਮਿਕ ਅਤੇ ਸਦਾਚਾਰਕ ਆਸ਼ੇ ਦੀ ਝਲਕ ਵਧੇਰੇ ਰੂਪ ਵਿੱਚ ਵਿੱਦਮਾਨ ਹੈ ਜਦੋਂ ਕਿ 1940 ਤੋਂ ਬਾਅਦ ਛਪੇ ਬਾਲ ਨਾਵਲਾਂ ਵਿੱਚ ਇਹ ਪਰੰਪਰਾ ਟੁੱਟਦੀ ਗਈ।

1935 ਤੋਂ ਕੁਝ ਸਮਾਂ ਪਹਿਲਾਂ ਸ. ਸ. ਚਰਨ ਸਿੰਘ ਸ਼ਹੀਦ ਨੇ 'ਨੈਪੋਲੀਅਨ ਬੋਨਾਪਾਰਟ' ਬਾਲ ਨਾਵਲ ਲਿਖਿਆ ਜੋ ਵੱਡਿਆਂ ਲਈ ਵੀ ਉਪਯੋਗੀ ਰਚਨਾ ਹੈ। ਇਸਦੀ ਸ਼ਬਦਾਵਲੀ ਅਤੇ ਸ਼ੈਲੀ ਬੱਚਿਆਂ ਲਈ ਢੁੱਕਵੀਂ ਹੈ। ਨੈਪੋਲੀਅਨ ਬੋਨਾਪਾਰਟ ਦੇ ਜੀਵਨ ਅਤੇ ਪ੍ਰਾਪਤੀਆਂ ਨੂੰ ਰੂਪਮਾਨ ਕਰਨ ਵਾਲਾ ਇਹ ਨਾਵਲ ਮੁੱਢਲੇ ਪੰਜਾਬੀ ਬਾਲ ਨਾਵਲਾਂ ਦੀ ਕਤਾਰ ਵਿੱਚ ਰੱਖਿਆ ਜਾ ਸਕਦਾ ਹੈ।

ਸੁਤੰਤਰਤਾ ਕਾਲ ਦੇ ਸਾਲਾਂ ਦੌਰਾਨ ਇਸ ਵਿਧਾ ਪ੍ਰਤੀ ਚਾਲ ਬਹੁਤ ਹੀ ਮੱਠੀ ਸੀ। ਕਦੇ ਕਦਾਈਂ ਕੋਈ ਬਾਲ ਨਾਵਲ ਹੋਂਦ ਵਿੱਚ ਆਉਂਦਾ ਸੀ ਪਰੰਤੂ ਮੁੱਢਲੇ ਪੰਜਾਬੀ ਬਾਲ ਨਾਵਲ ਨੂੰ ਮੌਲਿਕਤਾ ਪ੍ਰਦਾਨ ਕਰਨ ਵਿੱਚ ਆਉਂਦਾ ਸੀ ਪਰੰਤੂ ਮੁੱਢਲੇ ਪੰਜਾਬੀ ਬਾਲ ਨਾਵਲ ਨੂੰ ਮੌਲਿਕਤਾ ਪ੍ਰਦਾਨ ਕਰਨ ਵਿੱਚ ਗਿਆਨੀ ਧਨਵੰਤ ਸਿੰਘ ਸੀਤਲ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ ਜਿਸਨੇ 1948 ਵਿੱਚ ਦੋ ਪੂਰੇ ਬਾਲ ਨਾਵਲ 'ਅਲੀ ਬਾਬਾ ਚਾਲੀ ਚੋਰ' ਅਤੇ 'ਲਾਲ ਬਾਦਸ਼ਾਹ' ਲਿਖੇ ਜਿਨ੍ਹਾਂ ਵਿੱਚ ਪਹਿਲੀ ਵਾਰੀ ਸਚਿੱਤਰਤਾ ਸਹਿਤ ਦ੍ਰਿਸ਼ ਵਰਣਨ ਪ੍ਰਸਤੁਤ ਕਰਨ ਦੀ ਗੱਲ ਤੁਰੀ। 1955 ਤੋਂ ਬਾਅਦ ਇਸ ਦਿਸ਼ਾ ਵਿੱਚ ਵਧੇਰੇ ਦਿਲਚਸਪੀ ਵੇਖਣ ਵਿੱਚ ਆਈ। 1960 ਵਿੱਚ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ 'ਗੁਲਾਬੋ' ਅਤੇ ਗੁਰਦਿਆਲ ਸਿੰਘ ਨੇ 'ਟੁੱਕ ਖੋਹ ਲਏ ਕਾਵਾਂ' ਨਾਵਲ ਬੱਚਿਆਂ ਲਈ ਵਿਸ਼ੇਸ਼ ਤੌਰ 'ਤੇ ਲਿਖੇ। ਉਪਰੰਤ ਜਸਵੰਤ ਸਿੰਘ ਕੇਵਲ ਨੇ 'ਜੰਗਲ ਦੇ ਸ਼ੇਰ' ਅਤੇ 'ਹੁਨਰ ਦੀ ਜਿੱਤ' ਬਾਲ ਨਾਵਲ ਸਿਰਜ ਕੇ ਇਸ ਵਿਧਾ ਨੂੰ ਅੱਗੇ ਤੋਰਿਆ। ਇਹਨਾਂ ਨਾਵਲਾਂ ਨੇ ਪਹਿਲੀ ਵਾਰੀ ਬਾਲ ਸਾਹਿਤ ਨੂੰ ਯਥਾਰਥਵਾਦ ਨਾਲ ਜੋੜਨ ਦਾ ਯਤਨ ਕੀਤਾ।

ਹਰਨੇਕ ਕੋਮਲ ਨੇ 1968 ਵਿੱਚ 'ਪੰਮੀ ਦਾ ਮੋਤੀ' ਬਾਲ ਨਾਵਲ ਲਿਖਿਆ ਜੋ ਮੌਲਿਕਤਾ ਭਰਪੂਰ ਹੈ ਅਤੇ ਜਿਉਂਦੀ ਜਾਗਦੀ ਜ਼ਿੰਦਗੀ ਦੀ ਉਪਜ ਹੈ ਜਿਸ ਵਿੱਚ ਪਿਆਰ ਲਈ ਤਰਸਦੀ ਇਕ ਲੜਕੀ ਪੰਮੀ ਦੀ ਹਿਰਦੇਵੇਧਕ ਕਹਾਣੀ ਹੈ। ਇਹ ਨਾਵਲ ਵੀ 1962 ਵਿਚ ਮਾਸਿਕ 'ਬਾਲ ਸੰਦੇਸ਼' ਵਿੱਚ ਲੜੀਵਾਰ ਛਪਦਾ ਰਿਹਾ ਹੈ।

ਸੁਖਬੀਰ ਰਚਿਤ 'ਕੱਚ ਦਾ ਸ਼ਹਿਰ' ਨਾਂ ਦਾ ਨਾਵਲ 1970 ਦੇ ਨੇੜੇ ਤੇੜੇ ਛਪਿਆ। ਇਹ ਨਾਵਲ ਮਾਸਿਕ 'ਪੰਖੜੀਆਂ' ਦੇ ਪ੍ਰਕਾਸ਼ਿਤ ਹੋਣ ਦੇ ਮੁੱਢਲੇ ਅੰਕਾਂ ਵਿੱਚ ਵੀ ਲੜੀਵਾਰ ਛਪਦਾ ਰਿਹਾ ਹੈ। ਇਸ ਵਿੱਚ ਜ਼ਿੰਦਗੀ ਦੇ ਸੱਚ ਨੂੰ ਪ੍ਰਸਤੁਤ ਕਰਨ ਦਾ ਉਪਰਾਲਾ ਕੀਤਾ ਗਿਆ। ਪ੍ਰੋ. ਕਰਤਾਰ ਸਿੰਘ ਚਾਵਲਾ ਨੇ 'ਗੁਰੂ ਨਾਨਕ', 'ਲਹੂ ਤੇ ਅੰਮ੍ਰਿਤ', (ਪੁਰਸਕਾਰ ਜੇਤੂ) 'ਹਿੰਦ ਦੀ ਚਾਦਰ' ਅਤੇ 'ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ' ਨਾਵਲ ਲਿਦੋ ਜੋ ਧਾਰਮਿਕ ਆਸ਼ੇ ਵਾਲੇ ਵਧੇਰੇ ਹਨ। ਇਸੇ ਹੀ ਸਮੇਂ ਪਰੰਪਰਾ ਨਾਲੋਂ ਹਟ ਕੇ ਧਰਮ ਚੰਦੇਵਜਤਿਸ਼ ਨੇ 'ਦੇਸ਼ ਦੀ ਰੱਖਿਆ' ਅਤੇ ਸੋਹਣ ਸਿੰਘ ਸ਼ੀਤਲ ਨੇ 'ਹਿਮਾਲਿਆ ਦੇ ਰਾਖੇ' ਨਾਵਲ ਲਿਖੇ।

ਜਸਬੀਰ ਸਿੰਘ ਭੁੱਲਰ ਨੇ 1989 ਵਿੱਚ 'ਜੰਗਲ ਟਾਪੂ' ਨਾਂ ਦਾ ਬਾਲ ਨਾਵਲ ਦੋ ਭਾਗਾਂ ਵਿੱਚ ਲਿਖਿਆ। ਇਸ ਰਚਨਾ ਨੂੰ 'ਹਨੀਬਲ ਬਾਲ ਸਾਹਿਤ ਪੁਰਸਕਾਰ-1990' ਵੀ ਪ੍ਰਾਪਤ ਹੋਇਆ। ਇਹ ਨਾਵਲ ਪਸ਼ੂ-ਪੰਛੀਆਂ ਨੂੰ ਆਧਾਰ ਬਣਾ ਕੇ ਲਿਖਿਆ ਗਿਆ ਹੈ ਜੋ ਉਹਨਾਂ ਦੀਆਂ ਨਿੱਜੀ ਸਮੱਸਿਆਵਾਂ ਦੇ ਸਮਾਧਾਨ ਦਾ ਪ੍ਰਸਤੁੱਤੀਕਰਨ ਹੈ। ਇਸ ਤੋਂ ਇਲਾਵਾ ਉਸਨੇ 'ਆਲੇ ਭੋਲੇ' ਨਾਂ ਦਾ ਇਕ ਹੋਰ ਬਾਲ ਨਾਵਲ ਵੀ ਲਿਖਿਆ ਹੈ।

ਜਗਰੂਪ ਸਿੰਘ ਰੂਪ ਨੇ 1986 ਵਿੱਚ 'ਕਰਾਮਾਤੀ ਪੌਦਾ' ਬਾਲ ਨਾਵਲ ਲਿਖਿਆ ਜਿਸ ਵਿੱਚ ਵਧੇਰੇ ਕਰਕੇ ਕਾਲਪਨਿਕਤਾ ਦੇ ਮਾਧਿਅਮ ਰਾਹੀਂ ਵਿਸ਼ੇ ਦਾ ਪ੍ਰਗਟਾਅ ਕੀਤਾ ਗਿਆ ਹੈ।

ਮੌਲਿਕ ਬਾਲ ਨਾਵਲੀ ਪਰੰਪਰਾ ਵਿੱਚ ਲੜੀਵਾਰ ਨਾਵਲ ਵੀ ਅਕਸਰ ਮਾਸਿਕ, ਅਰਧ ਮਾਸਿਕ ਜਾਂ ਦੈਨਿਕ ਪਰਚਿਆਂ ਵਿੱਚ ਪ੍ਰਕਾਸ਼ਿਤ ਹੁੰਦੇ ਰਹੇ ਹਨ। ਇਸ ਸੰਦਰਭ ਵਿੱਚ 'ਬਾਲਕ' (ਅੰਮ੍ਰਿਤਸਰ) ਵਿੱਚ ਜੁਲਾਈ 1961 ਦੇ ਅੰਕ ਵਿੱਚ ਹਰਜੀਤ ਸਿੰਘ ਹਮਦਰਦ ਰਚਿਤ 'ਰਿੱਛਾਂ ਦੀ ਸ਼ਹਿਜ਼ਾਦੀ' ਅਤੇ ਅਕਤੂਬਰ 1963 ਦੇ ਅੰਕ ਵਿੱਚ ਤਿਲਸਮੀ ਨਾਵਲ 'ਪ੍ਰਦੇਸੀ ਬਹਾਦਰ' ਅਤੇ ਨਵੰਬਰ 63 ਦੇ ਅੰਕ 'ਤਿੰਨ ਭੇਤ' ਨਾਮੀ ਨਾਵਲ ਛਪੇ। ਇਸ ਪਰਚੇ ਦੇ ਨਵੰਬਰ, 1964 ਦੇ ਅੰਕ ਵਿੱਚ ਸੁਖਬੀਰ ਸਿੰਘ ਸੀਤਲ ਰਚਿਤ 'ਚਾਰ ਲਾਲ' ਨਾਵਲ ਛਪਿਆ। ਦਸੰਬਰ 1964 ਵਿੱਚ 'ਚੰਦਾ ਮਾਮਾ ਦੀ ਸ਼ਹਿਜਾਦੀ' ਅਤੇ ਜਨਵਰੀ 1965 ਵਿੱਚ 'ਸ਼ੇਰਾਂ ਦਾ ਬਾਦਸ਼ਾਹ' ਬਾਲ ਨਾਵਲ ਛਪੇ। 'ਬਾਲਕ' ਦੇ ਹੋਰਨਾਂ ਅੰਕਾਂ ਵਿੱਚ ਕੁਝ ਹੋਰ ਨਾਵਲ ਵੀ ਛਪੇ ਜਿਨ੍ਹਾਂ ਦਾ ਆਧਾਰ ਲੋਕ ਕਹਾਣੀਆਂ ਸਨ।

ਮਾਸਿਕ 'ਬਾਲਿਕ ਸੰਦੇਸ਼' ਨੇ 1965 ਵਿੱਚ ਹਰਭਜਨ ਸਿੰਘ ਸੋਹਲ ਰਚਿਤ 'ਬਿੱਲੀ ਰਾਜਕੁਮਾਰੀ' ਅਤੇ 1970 ਵਿੱਚ ਗੁਰਚਰਨ ਸਿੰਘ ਚਾਹਿਲ ਰਚਿਤ 'ਘੁੱਗੀ ਵਿਚਾਰੀ' ਅਤੇ 1987 ਵਿੱਚ ਦਰਸ਼ਨ ਸਿੰਘ 'ਆਸ਼ਟ' ਰਚਿਤ 'ਬਹਾਦਰ ਰਾਜਕੁਮਾਰ' ਨਾਵਲ ਲੜੀਵਾਰ ਰੂਪ ਵਿੱਚ ਛਾਪੇ।

ਮਾਸਿਕ 'ਪੰਖੜੀਆਂ' ਲੜੀਵਾਰ ਰੂਪ ਵਿੱਚ ਛਪਿਆ। ਉਪਰੰਤ ਇਸ ਪਰਚੇ ਨੇ 1991 ਵਿੱਚ ਜਸਵੰਤ ਸਿੰਘ ਕੰਵਲ ਰਚਿਤ 'ਸਨਿਆਸ' ਅਤੇ 1992 ਵਿੱਚ ਨਵਤੇਜ ਪੁਆਧੀ ਰਚਿਤ 'ਬਾਬੂ ਸੰਤੂ' ਆਦਿ ਬਾਲ ਨਾਵਲ ਛਾਪੇ। ਦਿੱਲੀਓਂ ਛਪਣ ਵਾਲੇ ਪਹਿਲੇ ਅਰਧ ਮਾਸਿਕ ਪਰਚੇ 'ਚੰਪਕ' ਦੇ 1982 ਦੇ ਅੰਕਾਂ ਵਿੱਚ ਸਵਿਤਾ ਬੀ. ਪੀ. ਸਿੰਘ ਦਾ ਲਿਖਿਆ ਬੱਲ ਨਾਵਲ 'ਟਾਪੂ ਦਾ ਰਹੱਸ' ਲੜੀਵਾਰ ਰੂਪ ਵਿੱਚ ਛਪਦਾ ਰਿਹਾ ਹੈ।

ਮਾਸਿਕ 'ਪ੍ਰਾਇਮਰੀ ਸਿੱਖਿਆ' ਨੇ ਇਸ ਲੜੀ ਨੂੰ ਜਾਰੀ ਰੱਖਦਿਆਂ 1986 ਵਿੱਚ ਜਗਰੂਪ ਸਿੰਘ ਰੂਪ ਰਚਿਤ 'ਕਰਾਮਤੀ ਪੌਦਾ', 1991 ਵਿੱਚ ਜਸਬੀਰ ਸਿੰਘ ਭੁੱਲਰ ਰਚਿਤ 'ਆਲੇ ਭੋਲੇ'

ਅਤੇ 1991 ਵਿੱਚ ਹੀ ਜਸਵੰਤ ਸਿੰਘ ਵਿਰਦੀ ਰਚਿਤ 'ਗੁਲਬਦਨ' ਬਾਲ ਨਾਵਲ ਛਪੇ।

ਮੌਲਿਕ ਬਾਲ ਨਾਵਲਾਂ ਦੀ ਪ੍ਰਕਾਸ਼ਨਾ ਵਿੱਚ ਰੋਜ਼ਾਨਾ ਪਰਚਿਆਂ ਦਾ ਯੋਗਦਾਨ ਭਾਵੇਂ ਘੱਟ ਹੈ ਪਰ ਜ਼ਿਕਰ ਯੋਗ ਹੈ। ਇਸ ਦਿਸ਼ਾ ਵਿੱਚ ਸਾਲ 1992 ਦੌਰਾਨ 'ਅਜੀਤ' ਨੇ ਮੁਖਤਾਰ ਗਿੱਲ ਦਾ ਨਾਵਲ 'ਤਿੰਨ ਲੇਲੇ', ਪੰਜਾਬੀ ਟ੍ਰਿਬਿਊਨ ਨੇ ਡਾ. ਜੋਗਿੰਦਰ ਸਿੰਘ ਕੈਰੋਂ ਦੇ 'ਸੁਨਹਿਰੀ ਗੁਲਾਬ ਦੇ ਫੁੱਲ' ਤੇ 'ਮਾੜਾ ਗੁਆਂਢ' ਬਾਲ ਨਾਵਲ ਲੜੀ ਰੂਪ ਵਿੱਚ ਆਪਣੇ ਢੁੱਕਵੇਂ ਅੰਕਾਂ ਵਿੱਚ ਪ੍ਰਕਾਸ਼ ਵਿੱਚ ਲਿਆਂਦੇ।

ਮਾਸਿਕ 'ਅਲ੍ਹੜ ਬਲ੍ਹੜ' ਵਿੱਚ 1992 ਦੌਰਾਨ ਜ਼ਸਬੀਰ ਸਿੰਘ ਭੁੱਲਰ ਦਾ ਬਾਲ ਨਾਵਲ 'ਆਲੇ ਭੋਲੇ' ਛਪਦਾ ਰਿਹਾ ਹੈ।

ਇਸ ਸਮੇਂ ਹੀ ਦੂਜੀਆਂ ਭਸ਼ਾਵਾਂ ਵਿਚੋਂ ਪੰਜਾਬੀ ਵਿੱਚ ਨਾਵਲਾਂ ਦੇ ਰੂਪਾਂਤਰਨ ਦੀ ਰੁਚੀ ਵੀ ਪ੍ਰਬਲ ਰਹੀ ਹੈ। ਸਿੱਟੇ ਵਜੋਂ ਪਿਆਰਾ ਸਿੰਘ ਦਾਤਾ ਨੇ ਸੰਸਾਰ ਪ੍ਰਸਿੱਧ ਲੇਖਕ ਅਲੈਗਜੈਂਡਰ ਦੇ ਮਸ਼ਹੂਰ ਨਾਵਲ 'ਦੀ ਕਾਊਂਟ ਆਫ ਮਾਊਂਟ ਕ੍ਰਿਸਟੋ' (The Count of Mount Christo) 'ਤੇ ਆਧਾਰਿਤ 'ਜੱਗੇ ਦੀ ਜੇਲ੍ਹ ਯਾਤਰਾ', ਜ਼ੋਨੈਥਨ ਸਵਿਫਟ (Jonathan Swift) ਦੇ ਨਾਵਲ 'ਗੁਲੀਵਰਜ ਟਰੈਵਲਜ਼ (Gullver's Travels) 'ਤੇ ਅਧਾਰਿਤ 'ਜੱਗਾ ਦੈਂਤਾਂ ਦੇ ਦੇਸ਼ ਵਿੱਚ' ਅਤੇ 'ਜੱਗਾ ਬੋਨਿਆਂ ਦੇ ਦੇਸ਼ ਵਿਚ' ਅਤੇ ਅੰਗਰੇਜ਼ੀ ਦੇ ਮਹਾਨ ਲੇਖਕ ਆਰ. ਐਮ ਬੋਲੇਨਟਾਈਨ (R.M. Bolentine) ਦੇ ਨਾਵਲ 'ਦਿ ਕੋਰਲ ਆਈਲੈਂਡ' (The Coral Island) ਦਾ ਪੰਜਾਬੀ ਰੂਪਾਂਤਰਨ 'ਜੱਗਾ ਮੋਂਗੇ ਦੀਪ ਵਿੱਚ' ਛਪਿਆ। ਇਹ ਸਾਰੇ ਅਨੁਵਾਦ 1966 ਦੇ ਨੇੜੇ ਤੇੜੇ ਹੋਏ।

ਡੈਨੀਅਲ ਡੀਫੋ (ਣ੍ਹਅਜਕ; ਣਕਰਿਕ) ਦੇ ਪ੍ਰਸਿੱਧ ਨਾਵਲ 'ਰਾਬਿਨਸਨ ਕਰੂਸੋ' (Robinson Crusoe) ਦਾ ਸੰਖੇਪ ਰੂਪਾਂਤਰਨ ਜੀਨੂੰ ਫਰੈਂਕ ਨੇ ਕੀਤਾ। ਇਹ ਉਹ ਕ੍ਰਿਤੀ ਹੈ ਜਿਸਨੂੰ ਪਿਛਲੇ ਢਾਈ ਸੌ ਸਾਲ ਤੋਂ ਵੀ ਵਧ ਸਮੇਂ ਤੋਂ ਨਾ ਕੇਵਲ ਬੱਚੇ ਹੀ ਬਲਕਿ ਸਭ ਵਰਗਾਂ ਦੇ ਲੋਕ ਵੱਖ-ਵੱਖ ਭਾਸ਼ਾਵਾਂ ਵਿੱਚ ਪੜ੍ਹਦੇ ਆ ਰਹੇ ਹਨ।

1991 ਵਿੱਚ ਸਤਿਆਜੀਤ ਰੇਅ ਦਾ 'ਮਾਸਟਰ ਅੰਸ਼ੁਮਨ' ਅਤੇ 'ਸੋਨੇ ਦਾ ਕਿਲ੍ਹਾ' ਜੇ. ਆਰ. ਵਿਸ਼ (ਇ। ਵ। ਰੁਜਤੀ) ਦਾ 'ਅਨੋਖਾ ਟਾਪੂ ਜੂਲ ਵਰਨ', (Jule Varn) ਦਾ 'ਅੱਸੀ ਦਿਲਾਂ ਵਿੱਚ ਦੁਨੀਆ ਦੀ ਸੈਰ' ਆਰ. ਐਲ. ਸਟੀਵੈਨਸਨ (R. L. Stevenson) ਦਾ 'ਚਾਂਦੀ ਦਾ ਬਟਨ' ਅਤੇ ਆਰ. ਐਮ. ਬੋਲੇਨਟਾਈਨ ਦਾ 'ਮੂੰਗੇ ਦਾ ਟਾਪੂ' ਆਰਲਸ ਡਿਕਲਜ਼ ਦਾ 'ਡੇਵਿਡ ਕਾਪਰਫੀਲਡ, ਮਾਈਗਯੂਲ ਸੈਰਵੈਂਟਸ ਦਾ 'ਤੀਸ ਮਾਰ ਖਾਂ', ਹਰਮਨ ਮੈਲਵਿਲ ਦਾ 'ਮੋਬੀਡੰਕ', ਆਦਿ ਨਾਵਲ ਪ੍ਰੋ: ਨਵਸੰਗੀਤ ਸਿੰਘ ਵੱਲੋਂ ਪੰਜਾਬੀ ਵਿੱਚ ਬਾਲਾਂ ਲਈ ਅਨੁਵਾਦ ਕੀਤੇ ਗਏ।

ਮਾਸਿਕ ਅਤੇ ਦੈਨਿਕ ਪੱਤਰਾਂ ਵਿੱਚ ਵੀ ਬੱਚਿਆਂ ਲਈ ਨਾਵਲ ਅਨੁਵਾਦ ਕਰਕੇ ਛਾਪਣ ਦੀ ਰੁਚੀ 1960 ਤੋਂ ਬਾਅਦ ਉਤਪੰਨ ਹੋਈ। ਇਸ ਦਿਸ਼ਾ ਵਿੱਚ ਪਹਿਲ ਕਰਨ ਦਾ ਸਹਿਰਾ ਮਾਸਿਕ 'ਬਾਲ ਸੰਦੇਸ਼' ਨੂੰ ਹੀ ਜਾਂਦਾ ਹੈ ਜਿਸ ਨੇ 1963 ਵਿੱਚ ਨਿਕੋਲਾਈ ਨੋਸੋਵ ਰਚਿਤ 'ਘਰ ਤੇ ਸਕੂਲ (ਅਨੁ: ਹਰਭਜਨ ਸਿੰਘ ਹੁੰਦਲ), 1978 ਵਿੱਚ ਡਾ. ਸੁਸ਼ੀਲ ਕੁਮਾਰ 'ਫੁੱਲ' ਰਚਿਤ 'ਲਲਕਾਰ' (ਅਨੁ. ਹਰਬੀਰ ਸਿੰਘ ਭੰਵਰ) 1985 ਵਿੱਚ ਨਿਕੋਲਾਈ ਨੋਸੋਵ ਰਚਿਤ 'ਮੌਜੀ ਪਰਿਵਾਰ' (ਅਨੁ. ਜੀਨੂੰ ਫਰੈਂਕ) ਬਾਲ ਨਾਵਲ ਛਾਪ ਕੇ ਵਿਦੇਸ਼ ਸਾਹਿਤ ਤੋਂ ਬੱਚਿਆਂ ਨੂੰ ਜਾਣੂ ਕਰਵਾਇਆ।

ਮਾਸਿਕ 'ਪ੍ਰਾਇਮਰੀ ਸਿੱਖਿਆ' ਵਿੱਚ 1981 ਵਿੱਚ ਅੰਤੁਨ ਚੈਖਵ ਰਚਿਤ 'ਲਾਖੀ' (ਅਨੁ. ਮੋਹਨ ਭੰਡਾਰੀ) ਨਾਵਲ ਲੜੀਵਾਰ ਰੂਪ ਵਿੱਚ ਛਪਿਆ।

ਇਸੇ ਪ੍ਰਕਾਰ ਮਾਸਿਕ 'ਪੰਖੜੀਆਂ' ਵਿੱਚ 1984 ਵਿੱਚ ਰਸਕਿਨ ਰਚਿਤ 'ਸਵਰਨ ਨਦੀ ਦਾ ਰਾਜਾ' (ਅਨੁ. ਸੁਰਿੰਦਰ ਸਿੰਘ ਸ਼ੇਰਗਿੱਲ) 1985 ਵਿੱਚ ਸਤਿਆਜੀਤ ਰੇਅ ਰਚਿਤ 'ਫਾਟਿਕ ਚੰਦ (ਅਨੁ. ਅਸ਼ੋਕ ਸ਼ਰਮਾ), 1990 ਵਿੱਚ ਹਰਮਨ ਮੈਲਵਿਲ ਰਚਿਤ 'ਮੋਬੀਡਿੰਕ' (ਅਨੁ. ਸ਼ੇਰਨਾਜ ਸਿੰਘ) 1991 ਵਿੱਚ ਆਰ. ਐਮ. ਬੈਲੇਨਟਾਈਨ ਰਚਿਤ 'ਮੂੰਗੇ ਦਾ ਟਾਪੂ' ਸੁਲੇਮਾਨ ਦੇ ਖਜ਼ਾਨੇ' (ਅਨੁ. ਨਿਰਮਲ ਜੀਤ ਸਿੰਘ) ਛਪੇ।

ਮਾਸਿਕ 'ਹੰਸਤੀ ਦੁਨੀਆ' ਵਿੱਚ 1991 ਡਾ. ਰਾਸ਼ਟਰ ਬੰਧੂ ਰਚਿਤ 'ਟੀ ਫਾਰ ਟੇਸੂ' ਨਾਮੀ ਨਾਵਲ (ਅਨੁ. ਦਰਸ਼ਨ ਸਿੰਘ ਆਸ਼ਟ) ਵੀ ਇਸੇ ਪਰੰਪਰਾ 'ਚੋਂ ਉਗਮਿਆ।

ਰੋਜ਼ਾਨਾ 'ਪੰਜਾਬੀ ਟ੍ਰਿਬਿਊਨ' ਨੇ 1991 ਦੌਰਾਨ ਬਾਲ-ਨਾਵਲ 'ਮਾਸਟਰ ਅੰਸ਼ੁਮਨ' (ਅਨੁ. ਨਿਰਮਲਜੀਤ ਸਿੰਘ) ਛਾਪਿਆ।

ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਬਾਲ ਨਾਵਲ ਵੀ ਆਪਣਾ ਇਤਿਹਾਸਕ ਮਹੱਤਵ ਰੱਖਦਾ ਹੈ। ਬਾਲ ਨਾਵਲ ਦੇ ਤੱਤ ਬਾਲ ਕਹਾਣੀ ਨਾਲ ਰਲਗੱਡ ਹੀ ਹੁੰਦੇ ਹਨ। ਬਾਲ ਕਹਾਣੀ ਜਿੱਥੇ ਸੰਖੇਪ ਹੁੰਦੀ ਹੈ ਉਥੇ ਬਾਲ ਨਾਵਲ ਕਹਾਣੀ ਦਾ ਵਿਸਤ੍ਰਿਤ ਰੂਪ ਹੈ।

ਬਾਲ ਨਾਵਲ ਦੀ ਸਿਰਜਣਾ ਵਿਕਾਸਸ਼ੀਲ ਹੈ। ਇਸ ਪ੍ਰਤੀ ਲੇਖਕਾਂ ਹੈ। ਇਸ ਪ੍ਰਤੀ ਲੇਖਕਾਂ ਦੇ ਰੁਝਾਨ ਤੋਂ ਇਸਦੇ ਸੁਨਹਿਰੇ ਭਵਿੱਖ ਦੀ ਆਸ ਕੀਤੀ ਜਾ ਸਕਦੀ ਹੈ।

## ਨਾਟਕ

ਨਾਟਕ ਬਾਲ ਸਾਹਿਤ ਦਾ ਪ੍ਰਭਾਵਸ਼ਾਲੀ ਮਾਧਿਅਮ ਰਿਹਾ ਹੈ ਜੋ ਇਕਾਂਗੀ ਨਾਲੋਂ ਵਧੇਰੇ ਚਰਚਿੱਤ ਰੂਪ ਹੈ ਅਤੇ ਭਿੰਨ ਵੀ। ਮੰਚ ਜਤ੍ਰਤ ਪੱਖੋਂ ਘੱਟ ਅਤੇ ਪਾਤਰਾਂ ਜਾਂ ਘਟਨਾਵਾਂ ਦੇ ਸਿਲਸਲੇ ਵਿੱਚ ਵਧੇਰੇ।

ਪੰਜਾਬੀ ਬਾਲ ਨਾਟਕ ਦਾ ਆਰੰਭ 20ਵੀਂ ਸਦੀ ਦੇ ਦੂਸਰੇ ਦਹਾਕੇ ਵਿੱਚ ਹੀ ਹੋਇਆ ਹੈ ਜਿਸ ਨੇ ਹੁਣ ਤੱਕ ਕਾਫੀ ਵਿਕਾਸ ਕੀਤਾ ਹੈ। ਛੋਟੇ ਛੋਟੇ ਬਾਲ ਨਾਟਕ ਪੰਜਾਬੀ ਦੀਆਂ ਮੁੱਢਲੀਆਂ ਪੋਥੀਆਂ ਵਿੱਚ ਪ੍ਰਾਪਤ ਹੁੰਦੇ ਹਨ। 1915-20 ਦੇ ਨੇੜੇ ਤੇੜੇ ਪ੍ਰਚਾਰ ਦੇ ਉਦੇਸ਼ ਹਿੱਤ ਇਸ ਪ੍ਰਕਾਰ ਦੇ ਰੂਪਾਂ ਦੀ ਜ਼ਰੂਰਤ ਮਹਿਸੂਸ ਹੋਈ। ਅੰਗ੍ਰੇਜ਼ੀ ਰਾਜ ਦੇ ਅਸਰ ਅਧੀਨ ਪੰਜਾਬੀ ਦੀ ਮੂਲ ਸੰਸਕ੍ਰਿਤੀ ਦੀ ਪੁਨਰ ਜਾਗ੍ਰਤੀ ਦੇ ਰੁਝਾਨ ਨੇ ਬਾਲ ਨਾਟਕ ਨੂੰ ਨਵੇਂ ਵਿਸ਼ੇ ਅਤੇ ਸਾਮਗਰੀ ਪ੍ਰਦਾਨ ਕੀਤੀ।

ਭਾਵੇਂ ਪੰਜਾਬੀ ਬਾਲ ਨਾਟਕ ਦੇ ਪਹਿਲੇ ਪੜਾਅ ਵਿੱਚ ਅਮਰ ਸਿੰਘ, ਈਸ਼ਵਰ ਚੰਦਰ ਨੰਦਾ, ਗੁਰਬਖਸ਼ ਸਿੰਘ ਪ੍ਰੀਤ ਲੜੀ, ਚਰਨ ਸਿੰਘ (ਡਾ.), ਜੀਵਨ ਸਿੰਘ ਸੇਵਕ, ਧਨੀ ਰਾਮ ਚਾਤ੍ਰਿਕ, ਬ੍ਰਿਜ ਲਾਲ ਸ਼ਾਸਤ੍ਰੀ ਅਤੇ ਭਾਈ ਵੀਰ ਸਿੰਘ ਆਦਿ ਸ਼ਾਮਿਲ ਕੀਤੇ ਜਾ ਸਕਦੇ ਪਰੰਤੂ ਇਹਨਾਂ ਨੇ ਬਾਲ ਨਾਟਕ ਪ੍ਰਤੀ ਵੀ ਗੰਭੀਰਤਾ ਵਿਖਾਈ ਜਿਸ ਕਰਕੇ ਇਹਨਾਂ ਵਿੱਚੋਂ ਕਈ ਨਾਟਕਕਾਰਾਂ ਨੇ ਅਜਿਹੇ ਨਾਟਕ ਲਿਖੇ। ਦੂਸਰੇ ਪੜਾਅ 'ਚ ਇੰਦਰ ਸਿੰਘ ਚਕਰਵਰਤੀ, ਸੰਤ ਸਿੰਘ ਸੇਖੋਂ, ਹਰਚਰਨ ਸਿੰਘ, ਸੁਰਜੀਤ ਸਿੰਘ ਸੇਠੀ, ਗੁਰਦਿਆਲ ਸਿੰਘ ਖੋਸਲਾ, ਗੁਰਦਿਆਲ ਸਿੰਘ ਫੁੱਲ

ਬਲਵੰਤ ਗਾਰਗੀ ਅਤੇ ਰੋਸ਼ਨ ਲਾਲ ਆਹੂਜਾ ਅਤੇ ਤੀਸਰੇ ਪੜਾਅ ਦੇ ਨਾਟਕਕਾਰਾ ਵਿਚੋਂ ਹਰਸਰਨ ਸਿੰਘ, ਕਪੂਰ ਸਿੰਘ ਘੁੰਮਣ, ਗੁਰਚਰਨ ਸਿੰਘ ਜਸੂਜਾ ਅਤੇ ਨਵੀਂ ਪੀੜ੍ਹੀ ਦੇ ਨਾਟਕਕਾਰਾਂ ਵਿਚੋਂ ਅਨੰਤ ਸਿੰਘ ਕਾਬਲੀ, ਆਤਮ ਜੀਤ, ਸੰਤੋਖ ਸਿੰਘ, ਸਤਿੰਦਰ ਨੰਦਾ, ਸਾਧੂ ਸਿੰਘ, ਜਗਦੀਸ਼, ਦਰਸ਼ਨ ਮਿੱਤਵਾ, ਬਲਦੇਵ ਸਿੰਘ ਅਤੇ ਰਮਾ ਰਤਨ ਆਦਿ ਨੇ ਪੰਜਾਬੀ ਬਾਲ ਨਾਟਕ ਦੀ ਸਿਰਜਣਾਂ ਕਰਕੇ ਇਸ ਨੂੰ ਠੋਸ ਲੀਹਾਂ ਤੇ ਤੋਰਨ ਦਾ ਯਤਨ ਕੀਤਾ।

ਬਾਲ ਨਾਟਕ ਦੀ ਸਿਰਜਣਾ ਅਤੇ ਸਮੁੱਚੀ ਰੂਪ ਰੇਖਾ ਦੇ ਸੰਦਰਭ ਵਿੱਚ ਕਪੂਰ ਸਿੰਘ ਘੁੰਮਣ ਦਾ ਕਥਨ ਹੈ :

"ਬਾਲ ਨਾਟਕ ਦੀ ਸਿਰਜਣਾ ਇਹ ਮੰਗ ਕਰਦੀ ਹੈ ਕਿ ਬੱਚਿਆਂ ਨੂੰ ਇਕ ਪ੍ਰਕਾਰ ਦਾ ਨਾਟਕੀ ਖਾਕਾ ਦਿੱਤਾ ਜਾਵੇ ਜਿਸ ਵਿੱਚ ਉਹ ਲੋੜੀਂਦੇ ਰੰਗ ਆਪ ਭਰ ਸਕਣ। ਅਭਿਨੈ ਕਲਾ ਵਿੱਚੋਂ ਸਿਰਜਣਾਤਮਕ ਅਭਿਆਸਾਂ ਦੀ ਆਨੰਦ ਲੈ ਸਕਣ। ਸਿਰਜਣ ਦੀ ਜਾਂਚ ਵਿੱਚੋਂ ਜੋ ਚਾਅ ਅਤੇ ਉਮਾਹ ਉਤਪੰਨ ਹੁੰਦਾ ਹੈ ਉਹ ਸਿੱਖਣ ਦੀ ਇੱਛਾ ਵਿੱਚ ਤੀਬਰਤਾ ਵਧਾਂਦਾ ਹੈ।"[3]

ਬਾਲ ਨਾਟਕ ਦਾ ਬੁਨਿਆਦੀ ਸੰਕਲਪ ਸਿੱਖਿਆ ਅਤੇ ਗਿਆਨ ਦੀ ਦ੍ਰਿਸ਼ਟੀ ਤੋਂ ਮੁੱਲਵਾਨ ਹੈ ਪਰ ਇਸ ਦਾ ਭਾਵ ਇਹ ਨਹੀਂ ਲਿਆ ਜਾਣਾ ਚਾਹੀਦਾ ਕਿ ਇਸ ਵਿੱਚੋਂ ਰੌਚਿਕਤਾ ਦਾ ਤੱਤ ਮਨਫ਼ੀ ਹੀ ਕਰ ਦਿੱਤਾ ਜਾਵੇ। ਰੌਚਿਕਤਾ ਵਿਹੂਣਾ ਨਾਟਕ ਨੀਰਸ ਬਣ ਕੇ ਰਹਿ ਜਾਵੇਗਾ।

ਸੰਸਕ੍ਰਿਤ ਵਾਂਗ ਬਾਲ ਨਾਟਕ ਦੇ ਵੀ ਚਾਰ ਤੱਤ ਹੀ ਨਿਰਧਾਰਤ ਕੀਤੇ ਜਾ ਸਕਦੇ ਹਨ ਜੋ ਇਸ ਪ੍ਰਕਾਰ ਹਨ

ੳ. ਕਥਾਵਸਤੂ

ਅ. ਨਾਇਕ

ੲ. ਰਸ ਅਤੇ

ਸ. ਅਭਿਨਯ

ਭਾਵੇਂ ਪੰਜਾਬੀ ਵਿੱਚ ਇਹਨਾਂ ਤੱਤਾਂ ਵਿੱਚ ਅੱਜਕੱਲ੍ਹ ਭਿੰਨਤਾ ਆ ਗਈ ਹੈ ਜਿਸ ਕਰਕੇ ਇਹਨਾਂ ਤੋਂ ਇਲਾਵਾ ਵਿਸ਼ਾ, ਪ੍ਰਯੋਜਨ (ਉਦੇਸ਼), ਪਲਾਟ ਜਾਂ ਕਥਾਨਕ, ਪਾਤਰ ਚਿਤਰਨ, ਵਾਰਤਾਲਾਪ/ਬੋਲੀ, ਸ਼ੈਲੀ, ਦ੍ਰਿਸ਼ ਵਰਣਨ ਅਤੇ ਮੰਚ ਅਨੁਕੂਲਤਾ ਆਦਿ ਤੱਤ ਪ੍ਰਮੁੱਖਤਾ ਹਾਸਲ ਕਰਦੇ ਜਾ ਰਹੇ ਹਨ ਜਿਨ੍ਹਾਂ ਦੀ ਅਣਹੋਂਦ ਕਿਸੇ ਵੀ ਬਾਲ ਨਾਟਕ ਦੇ ਸਫਲ ਹੋਣ ਵਿੱਚ ਰੁਕਾਵਟ ਬਣ ਸਕਦੀ ਹੈ। ਸੰਖੇਪ ਵਿੱਚ ਇਹੀ ਕਿਹਾ ਜਾ ਸਕਦਾ ਹੈ ਕਿ ਇਹਨਾਂ ਤੱਤਾਂ ਦੀ ਹੋਂਦ ਤੋਂ ਬਗੈਰ ਬਾਲ ਨਾਟਕ ਹੋਂਦ ਵਿੱਚ ਹੀ ਨਹੀਂ ਆ ਸਕਦਾ।

ਮੁੱਢਲਾ ਬਾਲ ਨਾਟਕ ਸਮਕਾਲੀ ਸਮਾਜ ਦੀਆਂ ਪਰਿਸਥਿਤੀਆਂ ਨੂੰ ਅਤੇ ਉਤਰ ਸੁਤੰਤਰਤਾ ਕਾਲ ਦਾ ਪੰਜਾਬੀ ਬਾਲ ਨਾਟਕ ਜਿੱਥੇ ਇਤਿਹਾਸਕ ਅਤੇ ਧਾਰਮਿਕ ਪ੍ਰਵਿਰਤੀਆਂ ਜਾਂ ਪਰਿਸਥਿਤੀਆਂ ਨੂੰ ਰੂਪਮਾਨ ਕਰਦਾ ਹੈ ਉਥੇ ਮਨੋਵਿਗਿਆਨਕ ਅਤੇ ਯਥਾਰਥਕ ਸੁਰ-ਪ੍ਰਧਾਨ ਬਣਦਾ ਜਾ ਰਿਹਾ ਹੈ।

ਭਾਵੇਂ 1947 ਤੋਂ ਪਹਿਲਾਂ ਦੇ ਬਾਲ ਨਾਟਕ 'ਮੋਤੀਆਂ', 'ਬਾਲ ਸੰਦੇਸ਼' ਅਤੇ 'ਚੰਨ' ਆਦਿ ਮਾਸਿਕਾਂ ਵਿੱਚ ਛਪਦੇ ਰਹੇ ਹਨ ਪਰੰਤੂ 1947 ਤੋਂ ਬਾਅਦ ਇਹ ਪੁਸਤਕ ਰੂਪ ਵਿੱਚ ਛਪਣੇ ਸ਼ੁਰੂ ਹੋਏ ਅਤੇ ਇਹਨਾਂ ਦਾ ਬਾਕਾਇਦਾ ਮੰਚਣ ਹੋਣ ਲੱਗਾ।

20ਵੀਂ ਸਦੀ ਦੇ ਪੰਜਵੇਂ ਦਹਾਕੇ ਦੇ ਅੰਤ ਵਿੱਚ ਪ੍ਰਸਿੱਧ ਕਾਰਟੂਨਿਸਟ ਸ਼ੰਕਰ ਪਿੱਲੇ ਨੇ ਪਹਿਲੀ ਵਾਰ ਬੱਚਿਆਂ ਦੀ ਕੌਮਾਂਤਰੀ ਚਿੱਤਰਕਲਾ ਦੀ ਪ੍ਰਦਰਸ਼ਨੀ ਦੇ ਸਮੇਂ ਹੋਰਨਾ ਭਾਸ਼ਾਵਾਂ ਦੇ ਨਾਲ ਨਾਲ ਪੰਜਾਬੀ ਬਾਲ ਨਾਟਕਾਂ ਦੇ ਮੁਕਾਬਲੇ ਕਰਵਾਏ ਗਏ ਜਿਸ ਵਿੱਚ ਸਨੇਹ ਲਤਾ ਸਾਨਿਆਲ ਦੁਆਰਾ 'ਬਾਂਦਰ ਦਾ ਵਿਆਹ' ਮੰਚਿਤ ਕੀਤਾ ਗਿਆ। ਇਸ ਨੂੰ ਪ੍ਰਥਮ ਪੁਰਸਕਾਰ ਹਾਸਿਲ ਹੋਇਆ।

ਬਾਲ ਨਾਟਕ ਉਤਸ਼ਾਹਿਤ ਕਰਨ ਦੇ ਮਨੋਰਥ ਹਿੱਤ ਭਾਸ਼ਾ ਵਿਭਾਗ, ਪੰਜਾਬ ਨੇ 1965 ਵਿੱਚ ਸਕੂਲਾਂ ਵਿੱਚ ਬਾਲ ਨਾਟਕਾਂ ਦੇ ਮੁਕਾਬਲੇ ਕਰਵਾਉਣੇ ਸ਼ੁਰੂ ਕੀਤੇ ਜਿਸ ਨਾਲ ਇਸ ਖੇਤਰ ਨੂੰ ਉਤਸ਼ਾਹ ਮਿਲਿਆ। ਨੈਸ਼ਨਲ ਸਕੂਲ ਆਫ਼ ਡਰਾਮਾ, ਦਿੱਲੀ, ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ, ਲੋਕ ਸੰਪਰਕ ਵਿਭਾਗ, ਪੰਜਾਬ ਅਤੇ ਨਾਰਥ ਜ਼ੋਨ ਕਲਚਰਲ ਸੈਂਟਰ, ਪਟਿਆਲਾ ਤੋਂ ਇਲਾਵਾ ਕਈ ਹੋਰ ਸਰਕਾਰੀ, ਅਰਧ-ਸਰਕਾਰੀ ਅਤੇ ਗ਼ੈਰ-ਸਰਕਾਰੀ ਸੰਸਥਾਵਾਂ ਅਤੇ ਅਦਾਰਿਆਂ ਨੇ ਅਜਿਹੇ ਮੁਕਾਬਲੇ ਕਰਵਾਉਣੇ ਆਰੰਭ ਕੀਤੇ ਜਿਸ ਕਾਰਨ ਇਸ ਖੇਤਰ ਵਿੱਚ ਕੰਮ ਕਰ ਰਹੇ ਨਿਰਦੇਸ਼ਕਾਂ, ਅਦਾਕਾਰਾਂ ਅਤੇ ਲੇਖਕਾਂ ਨੂੰ ਉਤਸ਼ਾਹ ਮਿਲਿਆ।

ਸ਼ੁਭਚਿੰਤ ਹਰਸ਼ ਨੇ ਇਸ ਸਮੇਂ ਤਿੰਨ ਬਾਲ ਨਾਟਕਾਂ ਦੀਆਂ ਪੁਸਤਕਾਂ 'ਸਕਾਊਟ ਨਾਟਕ', 'ਵਸੀਅਤ' ਅਤੇ 'ਤਿੰਨ ਡਰਾਮੇ' ਲਿਖੀਆਂ। ਗੁਰਦਿਆਲ ਸਿੰਘ ਫੁੱਲ ਨੇ 'ਸਦਾ ਸੁਹਾਗਣ ਕੁੱਖ ਧਰਤੀ ਦੀ', 'ਜਲ ਮਿਲਿਆ ਪ੍ਰਮੇਸਰ ਮਿਲਿਆ', 'ਅੰਬ ਦੀ ਕਹਾਣੀ' ਅਤੇ 'ਡੌਰੂ ਵਜਦਾ ਰਿਹਾ' ਵਰਗੇ ਬਾਲ ਨਾਟਕ ਸਿਰਜੇ। ਸਰਜੀਤ ਸਿੰਘ ਸੇਠੀ ਨੇ 'ਨਿੱਕੇ ਨਿੱਕੇ ਨਾਟਕ', ਪਰਿਤੋਸ਼ ਗਾਰਗੀ ਨੇ 'ਬਾਲ ਨਾਟਕ ਅਤੇ 'ਐਟਮ ਜਿੰਨ', ਪ੍ਰੋ. ਕਰਤਾਰ ਸਿੰਘ ਨੇ 'ਹਿੰਦ ਦੀ ਚਾਦਰ', ਗੁਰਬਖਸ਼ ਸਿੰਘ ਕਲਸੀ ਨੇ ਵੀ 'ਹਿੰਦ ਦੀ ਚਾਦਰ', ਪ੍ਰੋ. ਗੁਰਬਖਸ਼ ਰਾਏ ਨੇ 'ਇੰਦਰ ਧਨੁਸ਼', ਨਰੇਂਦਰ ਸਿੰਘ ਐਮ. ਏ. ਨੇ 'ਖੰਡ ਦਾ ਘਰ ਤੇ ਹੋਰ ਨਾਟਕ', ਜਸਵੰਤ ਸਿੰਘ ਕੈਲਵੀ ਨੇ 'ਚੂਹਾ ਨਗਰ ਵਿੱਚ ਇਨਕਲਾਬ', ਅਨੰਤ ਸਿੰਘ ਕਾਬਲੀ ਨੇ 'ਭਾਈਆ ਜੀ ਤੇ ਭੂਆ ਜੀ' ਅਤੇ 'ਚੋਰੀ ਦਾ ਮਾਲ', ਹਰਸਰਨ ਸਿੰਘ ਨੇ 'ਚਾਰ ਡਰਾਮੇ', ਕਪੂਰ ਸਿੰਘ ਘੁੰਮਣ ਨੇ 'ਕੁਤਰੋ ਰਾਣੀ',ਜੋਗਿੰਦਰ ਸਿੰਘ ਸੇਖੋਂ ਨੇ 'ਬਾਲ ਡਰਾਮੇ', ਰਮਾ ਰਤਨ ਨੇ 'ਗੁੱਡੀ ਗੁਆਚ ਗਈ' ਅਤੇ 'ਹਾਏ ਉਏ ਤੌਬਾ', ਪ੍ਰੋ. ਤੇਜਿੰਦਰ ਕੌਰ ਨੇ 'ਤਾਰਿਆ ਕੋਲ', ਸੰਤੋਖ ਸਿੰਘ ਨੇ 'ਇਨਸਾਫ਼ ਦੀ ਤੱਕੜੀ', ਸਰਬਜੀਤ ਸਿੰਘ ਬੇਦੀ ਨੇ 'ਪਿੰਜਰਾ', ਡਾ. ਸਾਧੂ ਸਿੰਘ ਨੇ 'ਹਾਏਨੀ ਧੀਏ ਮੋਰਨੀਏ' ਡਾ. ਆਤਮਜੀਤ ਨੇ 'ਗੁਬਾਰੇ', ਜਗਦੀਸ਼ ਨੇ 'ਖੇਡਾਂ', ਸਤਿੰਦਰ ਸਿੰਘ ਨੰਦਾ ਨੇ 'ਸੁੰਨੇ ਰਾਹ', ਬਲਦੇਵ ਸਿੰਘ ਨੇ 'ਰੇਲ ਗੱਡੀ ਅਤੇ ਦਰਸ਼ਨ ਸਿੰਘ ਆਸ਼ਟ ਨੇ 'ਨਾਟਕ ਵੰਨ ਸੁਵੰਨੇ' ਆਦਿ ਬਾਲ ਨਾਟਕ ਜਾਂ ਬਾਲ ਨਾਟ ਸੰਗ੍ਰਹਿ ਲਿਖੇ।

1992 ਵਿੱਚ ਗੁਰਦਿਆਲ ਸਿੰਘ ਖੋਸਲਾ ਨੇ 'ਪੰਜਾਬੀ ਬਾਲ ਨਾਟਕ' ਨਾਂ ਦੀ ਪੁਸਤਕ ਦਾ ਸੰਪਾਦਨ ਕੀਤਾ ਜਿਸ ਵਿੱਚ ਈਸ਼ਵਰ ਚੰਦਰ ਨੰਦਾ ਦਾ 'ਮਾਂ ਦਾ ਡਿਪਟੀ', ਗੁਰਦਿਆਲ ਸਿੰਘ ਖੋਸਲਾ ਦਾ 'ਸ਼ਾਮੂੰ ਦਾ ਲੇਲਾ', ਗੁਰਚਰਨ ਸਿੰਘ ਜਸੂਜਾ ਦਾ 'ਅਸਮਾਨ ਡਿੱਗ ਪਿਆ', ਕਪੂਰ ਸਿੰਘ ਘੁੰਮਣ ਦਾ 'ਕੁਤਰੋ ਰਾਣੀ' ਅਤੇ ਰਵਿੰਦਰ ਰਤਨ ਦਾ 'ਗੁੱਡੀ ਗੁਆਚ ਗਈ' ਨਾਟਕ ਸ਼ਾਮਲ ਹਨ ਜੋ ਮੰਚੀ ਲੋੜਾਂ ਦੇ ਅਨੁਕੂਲ ਤੇ ਵਾਸਤਵਿਕ ਚਿਤਰਨ ਦੀ ਪੇਸ਼ਕਾਰੀ ਵਿੱਚ ਸਫਲ ਹਨ।

ਉਪਰੋਕਤ ਸਾਰੇ ਬਾਲ ਨਾਟਕਾਂ ਵਿਚੋਂ ਕਈ ਸੰਗ੍ਰਹਿਆਂ ਦੇ ਰੂਪ ਵਿੱਚ ਅਤੇ ਕਈ ਮਾਸਿਕ ਜਾਂ ਦੈਨਿਕ ਪਰਚਿਆਂ ਵਿੱਚ ਛਪ ਚੁੱਕੇ ਹਨ ਅਤੇ ਇਹਨਾਂ ਵਿਚੋਂ ਕਈਆਂ ਦਾ ਸਫਲਤਾ ਨਾਲ ਮੰਚਣ ਵੀ ਹੋ ਚੁੱਕਾ ਹੈ।

ਬਾਲ ਕਾਵਿ ਨਾਟਕ ਦੀ ਸਿਰਜਣਾ ਵਿੱਚ ਸੰਤੋਸ਼ ਸਾਹਨੀ ਰਚਿਤ ਸੰਬੰਧਤ ਪੁਸਤਕਾਂ ਦਾ ਜ਼ਿਕਰ ਬਾਲ ਕਾਵਿ ਅਧੀਨ 'ਨਾਟ ਕਾਵਿ' ਖੰਡ ਵਿੱਚ ਹੋ ਚੁੱਕਾ ਹੈ। 'ਹਾਏ ਨੀ ਧੀਏ ਮੋਰਨੀਏ', 'ਪਿੰਜਰਾ', ਅਤੇ 'ਗੁਬਾਰੇ' (ਕੁਝ ਹੱਦ ਤੱਕ) ਵਰਗੇ ਪ੍ਰਸਿੱਧ ਬਾਲ ਨਾਟਕ ਵੀ ਇਸੇ ਸ਼੍ਰੇਣੀ ਦੇ ਅੰਤਰਗਤ ਆਉਂਦੇ ਹਨ।

ਇਸ ਤੋਂ ਇਲਾਵਾ ਜਿਹੜੇ ਨਿਰਦੇਸ਼ਕ ਜਾਂ ਕਲਾਕਾਰ ਬਾਲ ਨਾਟਕਾਂ ਦੀ ਮੰਚਣ ਦ੍ਰਿਸ਼ਟੀ ਤੋਂ ਵਰਨਣਯੋਗ ਕਾਰਜ ਨਿਭਾ ਰਹੇ ਹਨ ਉਹਨਾਂ ਵਿੱਚ ਪ੍ਰਾਣ ਸਭਰਵਾਲ, ਸੁਨੀਤਾ ਸੱਭਰਵਾਲ, ਟੋਨੀ ਬਾਤਿਸ਼, ਮੋਹਨ ਕੰਬੋਜ਼, ਡਾ. ਸਤੀਸ਼ ਵਰਮਾ, ਗੋਪਾਲ ਸ਼ਰਮਾ ਅਤੇ ਰਮਾ ਰਤਨ ਆਦਿ ਦੇ ਨਾਂ ਪ੍ਰਸਿੱਧ ਹਨ।

ਆਕਾਸ਼ਬਾਣੀ ਅਤੇ ਦੂਰਦਰਸ਼ਨ ਕੇਂਦਰ ਜਲੰਧਰ ਤੋਂ ਵੀ 'ਫੁੱਲਵਾੜੀ', 'ਬਾਲਵਾੜੀ', 'ਬਾਲ ਜਗਤ' ਅਤੇ 'ਝਿਲਮਿਲ ਤਾਰੇ' ਆਦਿ ਪ੍ਰੋਗਰਾਮਾਂ ਵਿੱਚ ਵੀ ਅਕਸਰ ਬਾਲ ਨਾਟਕ ਪ੍ਰਸਾਰਿਤ/ਪ੍ਰਦਰਸ਼ਿਤ ਕੀਤੇ ਜਾਂਦੇ ਹਨ। ਰੇਡੀਓ ਦੇ ਬਾਲ ਨਾਟਕਾਂ ਵਿੱਚ 'ਛਾਂਗੂ ਮਾਂਗੂ' ਕਾਫੀ ਪ੍ਰਚਲਿਤ ਰਿਹਾ ਹੈ। ਇਸ ਤੋਂ ਇਲਾਵਾ ਦੂਰਦਰਸ਼ਨ ਜਲੰਧਰ 'ਝਿਲਮਿਲ ਤਾਰੇ' ਪ੍ਰੋਗਰਾਮ ਵਿੱਚ ਬਾਲ ਨਾਟਕਾਂ ਤੋਂ ਇਲਾਵਾ ਸਕਿੱਟਾਂ ਪ੍ਰਸਤੁਤ ਕਰਦਾ ਰਹਿੰਦਾ ਹੈ।

ਇਹ ਖੁਸ਼ੀ ਦੀ ਗੱਲ ਹੈ ਕਿ ਬਾਲ ਨਾਟਕ ਸਮੀਖਿਆਂ ਦੀ ਗੱਲ ਵੀ ਤੁਰਨੀ ਆਰੰਭ ਹੋਈ ਹੈ। ਇਸ ਸੰਦਰਭ ਵਿੱਚ ਪਰਮਜੀਤ ਕੌਰ ਦੁਆਰਾ 'ਪੰਜਾਬੀ ਬਾਲ ਨਾਟਕ ਅਤੇ ਰੰਗਮੰਚ' ਵਿਸ਼ੇ ਉਪਰ ਖੋਜ਼ ਕਾਰਜ ਜਾਰੀ ਹੈ ਜਿਸ ਨਾਲ ਵਧੀਆ ਸਿੱਟੇ ਸਾਹਮਣੇ ਆਉਣ ਦੀ ਆਸ ਹੈ। ਪੰਖੜੀਆਂ, ਪ੍ਰਾਇਮਰੀ ਸਿੱਖਿਆ, ਬਾਲ ਸੰਦੇਸ਼, ਅਤੇ ਅੱਲੜ ਬੱਲੜ ਆਦਿ ਬਾਲ ਪਰਚੇ ਬਾਲ ਨਾਟਕ ਨਿਰੰਤਰ ਪ੍ਰਕਾਸ਼ਿਤ ਕਰਕੇ ਇਸ ਰੂਪ ਦੀ ਸ਼ੋਭਾ ਵਧਾ ਰਹੇ ਹਨ।

## ਇਕਾਂਗੀ

ਬਾਲ ਨਾਟਕ ਵਾਂਗ ਇਕਾਂਗੀ ਦਾ ਆਪਣਾ ਮਹੱਤਵ ਹੈ। ਇਹ ਰੂਪ ਪੰਜਾਬੀ ਵਿੱਚ ਪੱਛਮੀ ਸਾਹਿਤ ਵਿੱਚੋਂ ਪ੍ਰੇਵਸ਼ ਕਰਦਾ ਹੈ ਜੋ ਇਕ ਅੰਕੀ ਜਾਂ ਅੰਗੀ ਸ਼ਬਦਾਂ ਦਾ ਸੁਮੇਲ ਹੈ। ਜੀਵਨ ਦੀ ਕਿਸੇ ਇਕੋ ਘਟਨਾ ਜਾਂ ਅੰਗ ਦੀ ਪੇਸ਼ਕਾਰੀ ਇਕਾਂਗੀ ਹੈ। ਨਾਟਕ ਨਾਲੋਂ ਇਸਦੀ ਜੀਵਨ ਦੀ ਕਿਸੇ ਇਕੋ ਘਟਨਾ ਜਾਂ ਅੰਗ ਦੀ ਪੇਸ਼ਕਾਰੀ ਇਕਾਂਗੀ ਹੈ। ਨਾਟਕ ਨਾਲੋਂ ਇਸਦੀ ਭਿੰਨਤਾ ਇਸੇ ਕਰਕੇ ਵਿਸ਼ੇਸ਼ ਹੈ ਕਿਉਂਕਿ ਇਸ ਵਿੱਚ ਵਿਸ਼ਾਲਤਾ ਅਤੇ ਪਾਤਰਾਂ ਦੀ ਬਹੁਤਾਤ ਨਹੀਂ ਹੁੰਦੀ ਅਤੇ ਨਾਟਕ ਨਾਲੋਂ ਬਹੁਤ ਘੱਟ ਸਮੇਂ ਵਿੱਚ ਸਟੇਜ਼ ਤੇ ਮੰਚਿਤ ਕੀਤੀ ਜਾ ਸਕਦੀ ਹੈ। ਇਹੋ ਕਾਰਨ ਹੈ ਕਿ ਇਹ ਥੋੜ੍ਹੇ ਸਮੇਂ ਵਿੱਚ ਹੀ ਬਹੁਤ ਕੁਝ ਕਹਿਣ ਦੀ ਸਮਰੱਥਾ ਰੱਖਣ ਵਾਲਾ ਸ਼ਕਤੀਸ਼ਾਲੀ ਰੂਪ ਹੈ।

'ਪੰਜਾਬੀ ਸਾਹਿਤ ਕੋਸ਼' ਅਨੁਸਾਰ ਇਕਾਂਗੀ ਦੀ ਰੂਪ ਰੇਖਾ ਦਸਵੀ ਸਦੀ ਈ. ਦੇ ਮਿਰੇਕਲਜ਼ ਅਤੇ ਨੈਤਿਕ ਨਾਟਕਾਂ ਵਿਚੋਂ ਮਿਲਦੀ ਹੈ ਜਿਨ੍ਹਾਂ ਵਿੱਚ ਈਸਾਈ ਸੰਤਾਂ ਦੇ ਜੀਵਨ ਵਿਚੋਂ ਕਿਸੇ ਇਕ ਉਪਦੇਸ਼ਾਤਮਕ ਕਹਾਣੀ ਨੂੰ ਚੁਣ ਕੇ ਪੇਸ਼ ਕੀਤਾ ਜਾਂਦਾ ਸੀ ਪਰੰਤੂ ਪੰਜਾਬੀ ਬਾਲ ਸਾਹਿਤ ਦੇ ਪਿੜ ਵਿੱਚ ਇਸ ਰੂਪ ਨੇ ਵੀਹਵੀਂ ਸਦੀ ਦੇ ਚੌਥੇ ਕਹਾਕੇ ਵਿੱਚ ਪ੍ਰਵੇਸ਼ ਕਰਨਾ ਸ਼ੁਰੂ ਕਰ ਦਿੱਤਾ।

ਡਾ. ਗੁਰਦਿਆਲ ਸਿੰਘ ਫੁੱਲ ਬਾਲ ਇਕਾਂਗੀ ਦੇ ਲੱਛਣਾਂ ਸੰਬੰਧੀ ਲਿਖਦਾ ਹੈ, 'ਬਾਲ ਇਕਾਂਗੀ ਦੀ ਬਣਤਰ ਸਰਲ ਹੁੰਦੀ ਹੈ। ਇਹ ਹੈਰਾਨੀ ਭਰੇ ਕਰਮ ਨਾਲ ਜਾਂ ਪਾਤਰ ਦੇ ਪ੍ਰਵੇਸ਼ ਨਾਲ ਅਰੰਭ ਹੋਣਾ ਚਾਹੀਦਾ ਹੈ। ਫੇਰ ਉਸ ਦੇ ਹਰ ਕਰਮ ਵਿੱਚ ਉਸ ਲਈ ਨਵੀਂ ਅੜੌਣੀ ਸਿਰਜੀ ਜਾਵੇ ਉਹ ਨਿਕਲੀ ਜਾਵੇ ਤੇ ਨਵੇਂ ਕਲੇਸ਼ ਵਿੱਚ ਫੱਸਦੀ ਜਾਵੇ ਤੇ ਅੰਤ ਦਲੇਰੀ ਨਾਲ ਜੇਤੂ ਹੋ ਕੇ ਨਿਕਲੇ।"[4]

ਇਕਾਂਗੀ ਮੰਚਣ ਦੇ ਖੇਤਰ ਵਿੱਚ ਪੱਛਮ ਵਿੱਚ ਜੇਮਜ਼ ਬੈਰੀ (James Berry) ਰਚਿਤ 'ਪੀਟਰ ਪੈਨ' (Peter Pen) ਨਾਂ ਦਾ ਬਾਲ ਇਕਾਂਗੀ ਪਹਿਲੀ ਵਾਰ 1904 ਵਿੱਚ ਮੰਚਿਤ ਕੀਤਾ ਗਿਆ ਸੀ।

ਪੰਜਾਬੀ ਵਿੱਚ ਬੱਚਿਆਂ ਲਈ ਨਿਰੋਲ ਮੌਲਿਕ ਰੂਪ ਵਿੱਚ ਇਕਾਂਗੀ ਦੀ ਗੱਲ ਤੋਰਨ ਦਾ ਸਹਿਰਾ ਡਾ. ਗੁਰਦਿਆਲ ਸਿੰਘ ਫੁੱਲ ਨੂੰ ਹੀ ਜਾਂਦਾ ਹੈ। ਭਾਵੇਂ ਬਾਲ ਪਰਚਿਆ ਨੇ 1947 ਤੋਂ ਪਹਿਲਾਂ ਆਪਣੇ ਅੰਕਾਂ ਵਿੱਚ ਕਈ ਇਕਾਂਗੀ ਛਾਪੇ ਪਰ ਸਹੀ ਰੂਪ ਵਿੱਚ ਬਾਲ ਇਕਾਂਗੀ ਦਾ ਅਰੰਭ ਗੁਰਦਿਆਲ ਸਿੰਘ ਫੁੱਲ ਰਚਿਤ 'ਸਿਆਣਾ ਬਾਲਕ', ਮੰਤਰ, ਪਦਮਣੀ ਅਨ੍ਹੇਰ ਗਰਦੀ ਅਤੇ ਸੱਚ ਦੀ ਜੈ' ਇਕਾਂਗੀਆਂ ਨਾਲ ਹੁੰਦਾ ਹੈ ਜੋ 1952 ਵਿੱਚ ਛਪੇ। ਉਸ ਨੇ 'ਫੁੱਲਾਂ ਦੀ ਲੜੀ' ਨਾਮੀ ਪੁਸਤਕ ਦੋ ਭਾਗਾਂ ਵਿੱਚ ਲਿਖੀ ਜਿਸ ਵਿੱਚ ਇਹਨਾਂ ਬਾਲ ਇਕਾਂਗੀਆਂ ਤੋਂ ਇਲਾਵਾ ਹੋਰ ਇਕਾਂਗੀ ਵੀ ਸ਼ਾਮਿਲ ਸਨ। 1953 ਵਿੱਚ ਗੁਰਦਿਆਲ ਸਿੰਘ ਖੋਸਲਾ ਨੇ 'ਸੋਨੇ ਦੀ ਚਾਂਦੀ' ਅਤੇ 'ਖੋਖਾ ਵੈਦ' ਬਾਲ-ਇਕਾਗੀ ਰਚੇ ਜਿਹੜੇ ਮਨੋਰੰਜਨ ਦੇ ਨਾਲ ਨਾਲ ਨੈਤਿਕ ਸਿੱਖਿਆ ਦੇਣ ਦਾ ਸੁੰਦਰ ਉਪਰਾਲਾ ਹਨ।

ਸੰਤ ਸਿੰਘ ਸੇਖੋਂ ਨੇ 1953 ਦੇ ਨੇੜੇ ਤੇੜੇ 'ਮਾਸਟਰ ਜੀ ਤੇ ਹੋਰ ਇਕਾਂਗੀ' ਨਾਮੀ ਇਕਾਂਗੀ ਸੰਗ੍ਰਹਿ ਛਾਪਿਆ ਜਿਸ ਵਿੱਚ ਵਿਭਿੰਨ ਸਮੱਸਿਆਵਾਂ ਨਾਲ ਸੰਬੰਧਤ ਪੰਜ ਬਾਲ ਇਕਾਂਗੀ ਸ਼ਾਮਲ ਕੀਤੇ ਗਏ। ਹਰ ਇਕਾਂਗੀ ਨਾਲ ਢੁੱਕਵੇਂ ਚਿੱਤਰ ਦੀ ਜ਼ਰੂਰਤ ਇਸ ਸੰਗ੍ਰਹਿ ਵਿੱਚ ਵੇਖਣ ਵਿੱਚ ਆਈ। ਇਸ ਤੋਂ ਇਲਾਵਾ ਸੇਖੋਂ ਨੇ 'ਪਿਓ ਵਾਲੀ ਘੋੜੀ' 'ਅਨੋਖਾ ਪ੍ਰਾਸਚਿਤ' ਅਤੇ 'ਸ਼ੇਖ ਚਿੱਲੀ' ਆਦਿ ਬਾਲ ਇਕਾਂਗੀ ਲਿਖੇ। ਇਹਨਾਂ ਵਿਚੋਂ ਇਕਾਂਗੀ 'ਅਨੋਖੀ ਪ੍ਰਾਸਚਿਤ ਅਤੇ ਸ਼ੇਖ ਚਿੱਲੀ' 'ਸੁੰਦਰ ਪਦ' ਨਾਮੀ ਇਕਾਂਗੀ ਸੰਗ੍ਰਹਿ ਵਿੱਚ ਸ਼ਾਮਿਲ ਕੀਤੇ ਗਏ। ਇਸੇ ਕਾਲ ਦੌਰਾਨ ਹੀ ਗੁਰਬਖਸ਼ ਸਿੰਘ ਪ੍ਰੀਤ ਲੜੀ ਨੇ 'ਕੰਧਰੇ ਦੀ ਰੋਟੀ' ਇਕਾਂਗੀ ਸੰਗ੍ਰਹਿ ਛਾਪਿਆ।

ਪੰਜਾਬੀ ਦੇ ਪ੍ਰਸਿੱਧ ਇਕਾਂਗੀਕਾਰ ਗੁਰਚਰਨ ਸਿੰਘ ਜਸੂਜਾ ਨੇ ਤਾਂ ਆਪਣੀ ਨਾਟ-ਯਾਤਰਾ 1940 ਵਿੱਚ ਬਾਲ ਇਕਾਂਗੀ 'ਗੁੱਲੀ ਡੰਡਾ' ਲਿਖੇ ਕੇ ਹੀ ਆਰੰਭ ਕੀਤੀ ਸੀ ਜ਼ੋ ਉਸ ਸਮੇਂ ਇਕ ਪਰਚੇ 'ਰਾਮਗੜ੍ਹੀਆ ਮੈਗਜ਼ੀਨ' ਵਿੱਚ ਛਪੀ। ਭਾਵੇਂ ਜਸੂਜਾ ਦਾ ਨਿਰੋਲ ਬਾਲ ਇਕਾਂਗੀ ਸੰਗ੍ਰਹਿ ਤਾਂ ਕੋਈ ਨਹੀਂ ਮਿਲਦਾ ਪਰੰਤੂ ਬਾਲ ਪਰਚਿਆਂ ਵਿੱਚ ਕੁਝ ਇਕ ਥਾਈਂ ਉਸ ਦੁਆਰਾ ਰਚਿਤ ਬਾਲ ਇਕਾਂਗੀ ਜ਼ਰੂਰ ਮਿਲਦੇ ਹਨ। 1977 ਵਿੱਚ ਅਜੀਤ ਸਿੰਘ ਆਸ ਰਚਿਤ 'ਅਣਖ ਦੀ ਲਾਟ', 1977 ਵਿੱਚ ਹੀ ਫੂਲਾਂ ਰਾਣੀ ਰਚਿਤ 'ਚਿੜੀਆਂ ਘਰ ਦੀ ਸੈਰ' ਅਤੇ 1991 ਵਿੱਚ ਸੁਖਦੇਵ ਕੌਰ ਗਿੱਲ ਦੇ 'ਸਿੱਖਿਆ ਦੀ ਚਰਚਾ ਤੇ ਹੋਰ ਇਕਾਂਗੀ' ਸੰਗ੍ਰਹਿ ਛਪੇ।

ਸਚਿੱਤਰਤਾ ਭਰਪੂਰ ਇਹ ਦੋਵੇਂ ਅੰਤਲੀਆ ਪੁਸਤਕਾਂ ਭਾਸ਼ਾ ਵਿਭਾਗ, ਪੰਜਾਬ ਨੇ ਛਾਪੀਆਂ।

ਗਿਆਨੀ ਧਨਵੰਤ ਸਿੰਘ ਸੀਤਲ, ਡਾ. ਰੌਸ਼ਨ ਲਾਲ ਆਹੂਜਾ, ਗੁਰਦਿਆਲ ਸਿੰਘ ਖੋਸਲਾ ਅਤੇ ਕਪੂਰ ਸਿੰਘ ਘੁੰਮਣ ਨੇ ਵੀ ਇਸ ਰੂਪ ਨੂੰ ਅੱਗੇ ਤੋਰਨ ਵਿੱਚ ਕਾਫੀ ਹਿੱਸਾ ਪਾਇਆ ਹੈ ਜਿਨ੍ਹਾਂ ਦੇ ਅਨੇਕ ਇਕਾਂਗੀ ਪੁਸਤਕ ਰੂਪ ਵਿੱਚ ਵੀ ਛਪੇ ਤੇ ਪਰਚਿਆਂ ਵਿੱਚ ਵੀ। ਜੇਕਰ ਬਾਲ ਇਕਾਂਗੀ ਦੀ ਮਹੱਤਤਾ ਨੂੰ ਵਧਾਉਣ ਦਾ ਕਿਸੇ ਨਿਰੋਲ ਪ੍ਰੋੜ੍ਹ ਸਾਹਿਤਕ ਪਰਚੇ ਵੱਲੋਂ ਉਪਰਾਲਾ ਕੀਤਾ ਗਿਆ ਹੈ ਤਾਂ ਉਹ ਨਿਰਸੰਦੇਹ ‘ਜਨ ਸਾਹਿਤ’ ਹੀ ਹੈ ਜਿਸ ਨੇ ਨਵੰਬਰ-ਦਸੰਬਰ, 1949 ਅਤੇ ਫਰਵਰੀ, 1985 ਦੇ ਦੋ ਅੰਕ ਨਿਰੋਲ : ਬਾਲ-ਇਕਾਂਗੀ ਵਿਸ਼ੇਸ਼ ਅੰਕ, ਕੱਢ ਕੇ ਇਕਾਂਗੀ ਦੀ ਸਾਰਥਿਕਤਾ ਨੂੰ ਵਧਾਇਆ। ਇਸਦੇ ਪਹਿਲੇ ਅੰਕ ਵਿੱਚ ਸੰਤੋਸ਼ ਸਾਹਨੀ, ਗੁਰਚਰਨ ਸਿੰਘ ਜਸੂਜਾ, ਕਪੂਰ ਸਿੰਘ ਘੁੰਮਣ, ਗੁਰਦੇਵ ਸਿੰਘ ਮਾਨ, ਗੁਰਦਿਆਲ ਸਿੰਘ ਫੁੱਲ, ਜਗਦੀਸ਼ ਵੋਹਰਾ, ਰਵਿੰਦਰ ਰਤਨ, ਸ. ਸ. ਅਮੋਲ, ਰਾਜਿੰਦਰ ਸਿੰਘ ਬੱਲ, ਰਮਣੀਕ ਘੁੰਮਣ, ਨਵਨਿੰਦਰ ਘੁੰਮਣ, ਅਤੇ ਚਰਨ ਸਿੰਘ ਸਿੰਧਰਾ ਅਤੇ ਦੂਸਰੇ ਅੰਕ ਵਿੱਚ ਕਪੂਰ ਸਿੰਘ ਘੁੰਮਣ, ਡਾ. ਹਰਚਰਨ ਸਿੰਘ, ਡਾ. ਗੁਰਦਿਆਲ ਸਿੰਘ ਫੁੱਲ ਗਿਆਨ ਧਨਵੰਤ ਸਿੰਘ ਸੀਤਲ, ਸਤਿੰਦਰ ਸਿੰਘ ਨੰਦਾ, ਗੁਰਸ਼ਰਨ ਸਿੰਘ, ਡਾ. ਫਕੀਰ ਚੰਦ ਸ਼ੁਕਲਾ, ਗੁਰਚਰਨ ਸਿੰਘ, ਇਕਬਾਲ ਸਿੰਘ, ਨਰਿੰਦਰ ਜੱਟੂ, ਸੰਤੋਖ ਸਿੰਘ, ਸਿਮਿਰਤ ਮੱਟੂ, ਪਰਸਨ ਸਰਦਾਰ, ਪ੍ਰੇਮ ਸ਼ਰਮਾ, ਅਵਿਨਾਸ਼ ਕੌਰ ਅਤੇ ਮੇਜਰ ਡੀ. ਐਸ. ਗਰੇਵਾਲ ਦੇ ਬਾਲ ਇਕਾਂਗੀ ਛਪੇ।

**ਟਿੱਪਣੀਆਂ**

1. ਇਨਸਾਈਕਲੋਪੀਡੀਆ ਆਫ਼ ਬ੍ਰਿਟੈਨਿਕਾ, ਵਾਲਯੂਮ ਜਡ ਪੰਨਾ 241
2. ਬਾਲ ਸਾਹਿਤਯ ਸਮੀਕਸ਼ਾ, ਹਿੰਦੀ (ਮਾਸਿਕ) ਪੰਨਾ 24
3. ਬਾਲ ਨਾਟਕ ਦੀ ਸਿਰਜਣਾ (ਖੋਜ ਪੱਤਰ), ਪੰਨਾ 15
4. ਪੰਜਾਬੀ ਇਕਾਂਗੀ, ਸਰੂਪ, ਸਿਧਾਂਤ ਤੇ ਵਿਕਾਸ, ਪੰਨਾ 132